Postal No.-- CHD/0111/2012-14

Regd No. 32212/78

# ਲੁਬਾਣਾ ਸੇਵਕ

ਦਸੰਬਰ 2014 ਮਾਸਿਕ ਮੁੱਲ : 15/-

## ਸਾਕਾ ਸਰਹਿੰਦ ਫਤਿਹਗੜ੍ਹ ਸਾਹਿਬ

### ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨਾ ਦੀਆ॥




ਗੁਰਚਰਨ ਸਿੰਘ
ਪ੍ਰਧਾਨ
ਬਾਬਾ ਮੱਖਣ ਸ਼ਾਹ
ਲੁਬਾਣਾ ਫਾਊਂਡੇਸ਼ਨ
98140-17067


ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਸੰਬਰ 22 ਈਸਵੀ 1966 ਮੁਤਾਬਿਕ 23 ਪੋਹ ਸੁਦੀ ਸਪਤਮੀ ਸੰਮਤ 1723 ਨੂੰ ਸ਼ਹਿਰ ਪਟਨਾ ਸਾਹਿਬ ਪ੍ਰਾਂਤ ਬਿਹਾਰ ਵਿਖੇ ਹੋਇਆ। ਆਪ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਉਸ ਸਮੇਂ ਢਾਕਾ ਜੋ ਹੁਣ ਬੰਗਲਾ ਦੇਸ਼ ਦੀ ਰਾਜਧਾਨੀ ਹੈ ਵਿਖੇ ਸਨ। ਖਬਰ ਮਿਲਦਿਆ ਉਨ੍ਹਾਂ ਨੇ ਆਪ ਦਾ ਨਾਮ 'ਗੋਬਿੰਦ ਰਾਇ ਰੱਖ ਦਿੱਤਾ। ਸੰਨ 1699 ਦੀ ਵਿਸਾਖੀ ਵਾਲੇ ਦਿਨ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਆਪ ਨੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ। ਆਪ ਜੀ ਦਾ ਸੰਸਾਰੀ ਜੀਵਨ ਕਾਲ ਸਿਰਫ 42 ਵਰ੍ਹੇ ਤੇ ਪ੍ਰਾਪਤੀਆਂ ਯੁੱਗਾਂ ਜੇਡੀਆਂ ਹਨ। 9 ਸਾਲ ਦੀ ਉਮਰੇ ਪਿਤਾ ਗੁਰੂ ਨੂੰ ਆਪ ਸ਼ਹਾਦਤ ਲਈ ਤੋਰਨਾ, ਤਲਵਾਰ ਦੀ ਧਾਰ ਤੇ ਸਿੱਖਾਂ ਦੀ ਪਰਖ ਕਰਕੇ ਅਣਖ ਤੇ ਸਵੈਮਾਨ ਵਾਲੀ ਖਾਲਸਾ ਕੌਮ ਦਾ ਨਿਰਮਾਣ ਜ਼ੁਲਮ ਤੇ ਧਰਮ ਦਾ ਟਾਕਰਾ ਕਰਨ ਲਈ ਅਤੇ ਮਜਲੂਮਾਂ ਦੀ ਰੱਖਿਆ ਲਈ ਗੁਰੂ ਜੀ ਦੇ ਜੀਵਨ ਦਾ ਇਕ-ਇਕ ਅੰਸ਼ ਆਪਣੇ ਆਪ ਵਿਚਿੱਤਰ ਇਤਿਹਾਸ ਹੈ।

ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਸਮੇ ਰੱਖੀ। ਬਾਬਰ ਦਾ ਰਾਜ 1523 ਈਸਵੀ (ਬਿਕਰਮੀ 1582) ਵਿਚ ਸ਼ੁਰੂ ਹੋਇਆ। ਇਸ ਤੋਂ 350 ਸਾਲ ਪਹਿਲਾ ਹੀ ਤਕਰੀਬਨ ਸਾਰਾ ਹਿੰਦੁਸਤਾਨ ਇਸਲਾਮੀ ਹਕੂਮਤ ਅਧੀਨ ਚਲਿਆ ਆਉਂਦਾ ਸੀ। ਹਿੰਦੂ ਕੌਮ ਉਸ ਸਮੇਂ ਏਕਤਾ ਵਿਚ ਨਹੀਂ ਸੀ ਅਤੇ ਜਾਤੀ ਭੇਦ ਵਿਤਕਰਾ ਏਨਾ ਵੱਧ ਗਿਆ ਕਿ ਸਭ ਹਿੰਦੂ ਇਕ ਦੂਜੇ ਨਾਲ ਖਹਿਣ ਅਤੇ ਉਜੜਨ ਲਗ ਪਏ। ਖਾਸ ਕਰਕੇ ਧਾਰਮਿਕ ਰਹੁਰੀਤੀਆਂ ਤੇ ਵਿਤਕਰਿਆਂ ਨੇ ਵਰਣ ਵੰਡ ਤੇ ਫਿਰਕਾ ਬੰਦੀ ਦੇ ਘੇਰੇ ਨੂੰ ਮੋਕਲਿਆ ਕਰ ਦਿੱਤਾ ਹੋਇਆ ਸੀ। ਵਿਦਿਆ ਦਾ ਪ੍ਰਸਾਰ ਵੀ ਇਕ ਫਿਰਕੇ ਕੋਲ ਹੋਣ ਕਾਰਨ ਦੂਸਰੇ ਅਵੈਦਿਕ ਧਰਮਾਂ ਨੇ ਹਿੰਦੂਆਂ ਨੂੰ ਬਰਬਾਦ ਕਰਨਾ ਆਰੰਭ ਦਿੱਤਾ ਸੀ।

ਪਹਿਲਾ ਬੁੱਧ ਮੱਤ ਹੋਂਦ ਵਿਚ ਆਇਆ ਜਿਹੜਾ ਕਿ ਜਾਤ, ਛੂਤਛਾਤ ਤੇ ਧਰਮ ਦਾ ਭਿੰਨ ਭੇਦ ਨਹੀਂ ਕਰਦਾ ਸੀ, ਇਸ ਲਈ ਛੇਤੀ ਵੱਧ ਗਿਆ ਅਤੇ ਖਾਸ ਕਰਕੇ ਸ਼ੂਦਰ ਜਿਨ੍ਹਾਂ ਨੂੰ ਹਿੰਦੂ ਨੀਵਾਂ ਸਮਝਦੇ ਸਨ ਬੁੱਧ ਧਰਮ ਵਿਚ ਦਾਖਲ ਹੋ ਗਏ ਅਤੇ ਤਕਰੀਬਨ ਸਾਰੇ ਹਿੰਦੋਸਤਾਨ ਵਿਚ ਫੈਲ ਗਏ। ਹਿੰਦੂ ਬ੍ਰਾਹਮਣ ਅਤੇ ਖੱਤਰੀਆਂ ਦੀ ਆਪਸੀ ਫੁੱਟ ਕਾਰਨ ਬੁੱਧ ਧਰਮ ਦਾ ਮੁਕਾਬਲਾ ਨਾ ਕਰ ਸਕੇ। ਆਪਣੇ ਆਪ ਨੂੰ ਸੁਰਜੀਤ ਕਰਨ ਲਈ ਛੋਟੀਆਂ ਛੋਟੀਆਂ ਵਰਣ ਚਾਲ ਚਲਦੇ ਰਹੇ ਪਰ ਕਾਮਯਾਬ ਨਾ ਹੋਏ ਅਤੇ ਬੁੱਧ ਧਰਮ ਨਾਲ ਈਰਖਾ ਤੇ ਵਿਰੋਧਤਾ ਨਾਲ ਚਲ ਕੇ ਬਹੁਤ ਵੰਡੇ ਗਏ ਤੇ ਦੋਵੇਂ ਅਤਿ ਕਮਜ਼ੋਰ ਹੋ ਗਏ। ਸਪੱਸ਼ਟ ਹੈ ਕਿ ਕਮਜ਼ੋਰ ਤੇ ਗਰੀਬ ਹਮੇਸ਼ਾ ਜਬਰ ਜੰਗ ਤੇ ਤਾਕਤ ਦੇ ਮਾਲਕ ਦਾ ਸਦਾ ਗੋਲਾ ਹੁੰਦਾ ਹੈ। ਇਸ ਕਰਕੇ ਮੁਸਲਮਾਨਾਂ ਨੇ ਹਿੰਦੋਸਤਾਨ ਵੱਲ ਮੂੰਹ ਕੀਤਾ। ਇਸਲਾਮੀ ਤਲਵਾਰ ਦੇ ਅਖੀਰ ਹਿੰਦੂਆਂ ਨੂੰ ਗੁਲਾਮ ਬਣਾ ਲਿਆ।

ਹਿੰਦੂਆਂ ਦੀ ਤਾਕਤ ਸਮੇਂ-ਸਮੇਂ ਤੇ ਖੇਰੂੰ-ਖੇਰੂੰ ਕਰ ਦਿੱਤੀ। ਸ਼ਰਮ, ਹਯਾ, ਇੱਜ਼ਤ, ਦੌਲਤ ਲੁੱਟ ਕੇ ਆਪਣੇ ਕਬਜ਼ੇ ਵਿਚ ਕਰ ਲਈ ਅਤੇ ਹਿੰਦੂਆਂ ਦੇ ਗਲ ਵਿਚ ਗੁਲਾਮੀ ਦਾ ਪੱਟਾ ਪਾ ਦਿੱਤਾ। ਇਸਲਾਮ ਦੇ ਜੇਤੂਆਂ ਨੇ ਮਜ਼ਬੀ ਜੋਸ਼ ਵਿਚ ਬੜੇ ਜ਼ੁਲਮ ਕੀਤੇ ਅਤੇ ਉਨ੍ਹਾਂ ਦੇ ਧਾਰਮਿਕ ਮੰਦਰਾਂ ਦੀ ਲੁੱਟ-ਖਸੁੱਟ ਕਰਕੇ ਖੁਰਾ ਖੋਜ ਮਿਟਾਉਣ ਦੇ ਪੂਰੇ ਯਤਨ ਕੀਤੇ। ਮੁਸਲਮਾਨਾਂ ਦੇ ਸਾਰੇ ਤਖਤ ਦੇ ਫਿਰਕਿਆਂ ਨੇ ਜਿਵੇਂ ਕਿ ਮਹਿਮੂਦ, ਮੁਹੰਮਦ ਕਾਸਮ, ਕੁਤਬਦੀਨ ਐਬਕ, ਤਿਬਕਾਤੇ ਨਾਸਰੀ, ਫਿਰੋਜਸ਼ਾਹ, ਅਲਾਉਦੀਨ ਖਿਲਜੀ, ਤੈਮੂਰ, ਸਹਾਬੂਦੀਨ ਵਗੈਰਾ। ਇਨ੍ਹਾਂ ਸਾਰੇ

ਹਮਲਾਵਾਰ ਧਾੜਵੀਆਂ ਨੇ ਲੱਖਾਂ ਇਸਤਰੀਆਂ ਯੁਵਤੀਆਂ ਨੂੰ ਗੁਲਾਮ ਬਣਾ ਕੇ ਇੱਜ਼ਤਾਂ ਲੁੱਟੀਆਂ ਅਤੇ ਆਪਣੇ ਦੇਸ਼ ਜਾ ਕੇ ਬੜੇ ਸਸਤੇ ਮੁਲ ਤੇ ਗੁਲਾਮ ਬਣਾ ਕੇ ਵੇਚਿਆ। ਸਭ ਨੇ ਮੰਦਰਾਂ, ਸੋਨਾ, ਚਾਂਦੀ, ਜੇਵਰਾਤ ਤੇ ਹੋਰ ਕੀਮਤੀ ਤੇ ਲੋੜੀਂਦਾ ਸਮਾਨ ਲੁੱਟਦੇ ਰਹੇ ਅਤੇ ਹਿੰਦੂਆਂ ਨੂੰ ਬਹੁਤ ਬੇਰਹਿਮੀ ਨਾਲ ਮਾਰਦੇ ਰਹੇ ਅਤੇ ਜੋ ਬਚ ਗਏ ਉਨ੍ਹਾਂ ਨੂੰ ਹਮੇਸ਼ਾ ਤਰਸਯੋਗ ਹਾਲਤਾਂ ਵਿਚ ਰੱਖਿਆ ਅਤੇ ਜ਼ੁਲਮ ਜਬਰ ਦੀ ਇੰਤਹਾ ਕਰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਧਰਮ ਦੀਆਂ ਸਾਰੀਆਂ ਧਾਰਮਿਕ ਤਰੁੱਟੀਆਂ ਤੇ ਤਰੇੜਾਂ ਨੂੰ ਧਰਮ ਦੀ ਪਵਿੱਤਰਤਾ 'ਚੋਂ ਪੁਣ ਛਾਣ ਕੇ ਕਿਸੇ ਹੱਦ ਤੱਕ ਸਾਫ ਕੀਤਾ। ਗੁਰੂ ਜੀ ਨੇ ਇਹ ਕਾਰਜ ਐਸੀ ਜੁਗਤੀ ਨਾਲ ਆਰੰਭਿਆ ਤੇ ਨਿਭਾਇਆ ਕਿ ਮੁਸਲਮਾਨ ਗੁਰੂ ਜੀ ਦੀ ਅਦੁੱਤੀ ਸ਼ਖਸੀਅਤ ਦੇ ਖਿਲਾਫ ਨਾ ਹੋਏ। ਇਸ ਤਰ੍ਹਾਂ ਹਿੰਦੂ ਨੂੰ ਮੁਕਾਬਲੇ ਤੇ ਲਿਆਉਣ ਦੀ ਨੀਂਹ ਰੱਖੀ। ਪ੍ਰੰਤੂ ਬ੍ਰਾਹਮਣੀ ਜਮਾਤ ਨੇ ਆਪਣੇ ਸੁੱਖ ਲਈ ਆਪਦੀ ਵਿਰੋਧਤਾ ਜਾਰੀ ਰੱਖੀ। ਬਾਬਰ ਤੋਂ ਲੈ ਕੇ ਅਕਬਰ ਤੱਕ ਕੁਝ ਯਤਨ ਹਿੰਦੂ-ਮੁਸਲਮਾਨਾਂ ਵਿਚ ਬਰਾਬਰਤਾ ਰੱਖਣ ਦੇ ਹੋਏ। ਪ੍ਰੰਤੂ ਵਿਚ-ਵਿਚ ਬਾਬਰ, ਹਿਮਾਯੂੰ ਜਹਾਂਗੀਰ ਅਤੇ ਔਰੰਗਜ਼ੇਬ ਵੱਲੋਂ ਜ਼ੁਲਮ ਵੱਧ ਗਏ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪਹਿਲਾ ਟੱਕਰ ਐਮਨਾਬਾਦ ਦੀ ਧਰਤੀ ਤੇ ਬਾਬਰ ਨਾਲ ਹੋਈ। ਇਹ ਟੱਕਰ ਪੁਸ਼ਤ ਦਰ ਪੁਸ਼ਤ ਚਲੀ। ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਾਬਰ ਟਕਰਾਇਆ ਤੇ ਦੂਜੀ ਟੱਕਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਿਮਾਯੂੰ ਨਾਲ ਹੋਈ ਜਦੋਂ ਉਹ ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਕੇ ਗੁਰੂ ਦਰਬਾਰ ਆਇਆ ਅਤੇ ਗੁਰੂ ਜੀ ਵਲੋ ਪ੍ਰਵਾਹ ਨਾ ਕਰਨ ਤੇ ਤਲਵਾਰ ਨੂੰ ਹੱਥ ਪਾਇਆ ਤਾਂ ਗੁਰੂ ਜੀ ਨੇ ਕਿਹਾ"ਜਮੁ ਕਰਿ ਮੁਗਲ ਚੜਾਇਆ ਅਤੇ ਕਿਹਾ ਕਿ ਇਹ ਤਲਵਾਰ ਸ਼ੇਰ ਸ਼ਾਹ ਦੇ ਸਾਹਮਣੇ ਕਿਉਂ ਖਿੰਡ-ਪੁੰਡ ਹੋਈ ਸੀ। ਇਸ ਤੋਂ ਬਾਅਦ ਤੀਜੀ ਟੱਕਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਕ੍ਰਿਪਾਲੂ ਨਾਲ ਹੋਈ ਅਤੇ ਉਨ੍ਹਾਂ ਨੇ ਸ਼ਹਾਦਤ ਦੀ ਆਰੰਭਤਾ ਕੀਤੀ। ਪੰਜਵੇਂ ਗੁਰੂ ਜੀ ਜਹਾਂਗੀਰ ਦੇ ਸਮੇਂ ਤੱਤੀ ਤਵੀ ਤੇ ਬੈਠੇ ਤੇ ਸੀਸ ਉਪਰ ਰੇਤਾ ਪੁਆ ਕੇ ਕਹਿੰਦੇ ਹਨ"ਤੇਰਾ ਕੀਆ ਮੀਠਾ ਲਾਗੇ ਹਰਿ ਨਾਮ ਪਦਾਰਥ ਨਾਨਕ ਮਾਂਗੇ। ਇਸ ਤੋਂ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਆਏ ਅਤੇ ਉਧਰ ਜਹਾਂਗੀਰ ਦਾ ਪੁੱਤਰ ਸ਼ਾਹ ਜਹਾਨ ਆ ਗਿਆ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ਼ਸ਼ਤਰ ਧਾਰੀ ਹੋ ਕੇ ਕਿਰਪਾਨ ਫੜ ਕੇ ਚਾਰ ਜੰਗਾਂ ਵਿਚ ਮੁਗਲਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਦਾ ਪੋਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਆ ਗਏ ਅਤੇ ਜਹਾਂਗੀਰ ਦਾ ਪੋਤਾ ਔਰੰਗਜ਼ੇਬ ਦਿੱਲੀ ਦੇ ਤਖਤ ਉੱਪਰ ਬੈਠਾ। ਇਸੇ ਤਰ੍ਹਾਂ ਦਾਦੇ ਨਾਲ ਦਾਦਾ, ਪੋਤੇ ਨਾਲ ਪੋਤਾ, ਪੜਪੋਤੇ ਨਾਲ ਪੜਪੋਤਾ ਦੀਆਂ ਟੱਕਰਾਂ ਹੋਈਆਂ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਇਕ ਪਾਸੇ ਸੰਸਾਰ ਨੂੰ ਗੁਰਬਾਣੀ ਦਾ ਬੋਹਿਥ ਗੁਰੂ ਗ੍ਰੰਥ ਸਾਹਿਬ ਦੇ ਕੇ ਚਲਿਆ ਹਾਂ ਤੇ ਦੂਜੇ ਪਾਸੇ ਮੈਂ ਸੰਸਾਰ ਨੂੰ ਕੁਰਬਾਨੀ ਦੀ ਜਾਂਚ ਸਿਖਾ ਕੇ ਚਲਿਆ ਹਾਂ। ਸਭ ਗੁਰੂਆਂ ਨੇ ਸਮੇਂ ਮੁਤਾਬਿਕ ਚਲਦੇ ਹੋਏ ਧਰਮ ਅਤੇ ਨਿਆਂ ਦੀ ਰਾਖੀ ਲਈ ਖੂਬ ਯੋਗਦਾਨ ਪਾਇਆ ਅਤੇ ਦਸਵੇਂ ਪਾਤਸਾਹ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੀਆਂ ਅਦਭੁੱਤ ਲਾਸਾਨੀ ਕਾਰਨਾਮਿਆਂ ਕਰਕੇ ਝੜੀ ਹੀ ਲਗਾ ਦਿੱਤੀ। ਆਪ ਜੀ ਦੀ ਸਖ਼ਸ਼ੀਅਤ ਵਿਚ ਆਪ ਅਕਾਲ ਪੁਰਖ ਦੇ ਅਨਿਨ ਆਸ਼ਕ, ਮਧੁਰ ਕੀਰਤਨੀਏ, ਅਤਿ ਦਰਜੇ ਦੇ ਸੂਰਬੀਰ ਜੰਗੀ ਜਰਨੈਲ, ਨਿਸ਼ਕਾਮ ਦੇਸ਼ ਭਗਤ, ਗੁਰੂ ਚੇਲਾ, ਨੀਤਵਾਨ, ਉਚ ਕੋਟੀ ਦੇ ਲਿਖਾਰੀ, ਸਾਹਿਤਕਾਰ, ਤਲਵਾਰਧਾਰੀ, ਤੀਰ ਅੰਦਾਜ਼ , ਨੀਲੇ ਘੋੜੇ ਦੇ ਸਵਾਰ, ਖਾਲਸੇ ਦੇ ਸਾਜਣਹਾਰੇ, ਸਾਮਰਾਜ ਵਿਰੁੱਧ ਸੰਘਰਸਸ਼ੀਲ ਕੁਰਬਾਨੀਆਂ ਦੀ ਝੜੀ ਲਗਾਉਣ ਵਾਲੇ ਸਵੈ ਭਰੋਸਾ, ਦ੍ਰਿੜ੍ਹਤਾ ਪੈਦਾ ਕਰਨ ਵਾਲੇ ਅਤੇ ਹਰ ਪੱਖੋਂ ਸਰਬ ਪੱਖੀ ਪ੍ਰਗਤੀ ਲਈ ਸੇਵਕਾਂ ਦਾ ਸਰੀਰਕ ਬਲ ਪੈਦਾ ਕਰਨ ਦੇ ਮਾਹਿਰ, ਤਿਆਗੀ, ਕੌਮ ਉਸਰੀਏ ਅਤੇ ਸਰਬੰਸਦਾਨੀ ਸਨ। ਪ੍ਰੰਤੂ ਹਰ ਕੰਮ ਵਿਚ ਖਾਲਸੇ ਦੀ ਚੜ੍ਹਦੀ ਕਲਾ ਰੱਖਣ ਵਾਲੇ ਸਨ।"ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇਂ ਹਉਂ ਕਰਉਂ ਨਿਵਾਸ। ਗੁਰੂ ਗੋਬਿੰਦ ਜੀ ਨੇ ਦੂਜਿਆਂ ਦੇ ਲਾਭ ਲਈ ਆਪਣੇ ਪਹਿਲੋਂ ਕੀਤੇ ਬਚਨਾਂ ਮੁਤਾਬਿਕ ਆਪਣੇ ਤੋਂ ਇਲਾਵਾ ਪਿਤਾ, ਮਾਤਾ, ਛੋਟੇ-ਛੋਟੇ 15 ਤੋਂ 17 ਸਾਲਾਂ ਅਤੇ 6 ਤੋਂ 8 ਸਾਲਾਂ ਦੇ ਚਾਰ ਸਾਹਿਬਜ਼ਾਦੇ ਦੀ ਸ਼ਹਾਦਤ ਬਿਨ੍ਹਾਂ ਕਿਸੇ ਰੋਸ ਦੇ ਕੁਰਬਾਨ ਕਰਕੇ ਨਿਵੇਕਲੇ ਸਿੱਖ ਧਰਮ ਦੀ ਪੱਕੀ ਬੁਨਿਆਦ ਰੱਖੀ। ਇਸ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਜਨਮ ਅਤੇ ਸ਼ਹਾਦਤ ਦਿਵਸ ਦੀ ਇਕ ਤਰੀਕ 28-12-2014 ਨੂੰ ਹੋਣਾ ਇਹ ਪ੍ਰਗਟ ਕਰਦਾ ਹੈ।"ਹਰਖ ਸੋਗ ਜਾ ਕੈ ਨਹੀ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨ ਰੇ ਮਨਾ ਮੁਕਤਿ ਤਾਹਿ ਤੈ ਜਾਨ॥ ਗੁਰੂ ਜੀ ਇਸ ਸੰਸਾਰ ਵਿਚ ਆਏ ਆਪਣਾ ਕਾਰਜ ਵਾਹਿਗੁਰੂ ਦੇ ਹੁਕਮ ਅਨੁਸਾਰ ਕਰ ਗਏ ਅਤੇ ਲੋਕਾਈ ਨੂੰ ਅੱਗੇ ਵਾਸਤੇ ਚੰਗੀ ਸੇਧ ਪ੍ਰਦਾਨ ਕਰ ਗਏ।

ਉਨ੍ਹਾਂ ਨਮਿਤ ਸੱਚੀ ਭਾਵਨਾ ਨਾਲ ਸਮਰਪਿਤ ਹੋ ਕੇ ਜੇ ਅਸੀਂ ਵੀ ਅੱਜ ਧਰਮ ਦੇ ਪਤਿਤਪੁਣੇ ਵੱਲ ਕੁਝ ਸਹਾਈ ਹੋਈਏ, ਨਸ਼ਿਆਂ ਦੇ ਹੜ੍ਹ ਤੋਂ ਵਾਂਝੇ ਰਹੀਏ ਅਤੇ ਖਾਸ ਕਰਕੇ ਏਕਤਾ ਵੱਖਰੇਵੇਂ ਨੂੰ ਵੀ ਆਪਣੀ ਹਉਮੈ, ਚੌਧਰ, ਈਰਖਾ, ਆਰਥਿਕ, ਸਮਾਜਿਕ ਅਤੇ ਰਾਜਸੀ ਲਾਭ ਲਈ ਸੋੜੇ ਮਨ ਦੀਆਂ ਸੋਚਾਂ ਨੂੰ ਛੱਡੀਏ ਤਾਂ ਹੀ ਏਕਤਾ ਵਿਚ ਅਨੇਕਤਾ ਗੁਰੂਆਂ ਦੇ ਦਰਸਾਏ ਮਾਰਗ ਤੇ ਹੋ ਸਕਦੀ ਹੈ। ਅਜੋਕੇ ਸਮੇਂ ਵਿਚ ਸੇਵਾ, ਸਮਰਪਿਤ, ਸਹਿਨਸ਼ੀਲਤਾ ਜ਼ਰੂਰੀ ਹੋ ਗਈ ਹੈ ਅਤੇ ਸਰਬਸੰਮਤੀ ਦੀ ਸਮਾਜ ਨੂੰ ਬਹੁਤ ਜ਼ਰੂਰਤ ਹੈ। ਛੋਟੇ ਮੁੱਦਿਆਂ ਨੂੰ ਆਪਸੀ ਵਖਰੇਵਿਆ ਕਾਰਨ ਧੜੇਬੰਦੀ ਨਾਲ ਨਾ ਬਣਾਇਆ ਜਾਵੇ ਤਾਂ ਇਹ ਹੀ ਸੱਚੀ ਸੁੱਚੀ ਯਾਦ ਇਨ੍ਹਾਂ ਇਤਿਹਾਸਕ ਦਿਹਾੜੇ ਮਨਾਉਣ ਦੀ ਹੋਵੇਗੀ, ਨਹੀ ਤਾਂ ਇਤਿਹਾਸ ਵਾਂਗ ਅਸੀਂ ਭਵਿੱਖ ਵਿਚ ਜ਼ੁਲਮਾਂ ਦਾ ਸ਼ਿਕਾਰ ਅਤੇ ਗੁਲਾਮ ਹੋ ਕੇ ਆਪਣੀ ਹੋਂਦ ਗਵਾ ਬੈਠਾਂਗੇ।

**ਕਿਤਨਾ ਹਬਾਬਿ ਹਸਤੀ ਕਾ ਦਰਿਆ ਰਵਾਂ ਰਹੇ॥**

**ਅਫਸੋਸ ਮੈਂ ਨਾ ਰਹੁੰ ਔਰ ਜਹਾਂ ਰਹੇ॥**

# ਲੁਬਾਣਾ ਸੇਵਕ

**Chief Editor**
S. Gurcharan Singh
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh S.E. (Retd.) Jalandhar

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
Prof. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।

Printed & Published by
Gurcharan Singh for Baba Makhan Shah Lobana Foundation (Regd.)
Sector 30-A, Chandigarh.

Computer Designing
Walia Paper & Stationer's


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 34 | ਦਸੰਬਰ - 2014



1. ਅਲਵਿਦਾ 2014 ਅਤੇ ਖੁਸ਼ ਆਮਦੀਦ ਸਾਲ 2015 — 5
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਜਿਕ ਕ੍ਰਾਂਤੀ ਦੇ ਪ੍ਰਣੇਤਾ — 6
3. ਜ਼ਫ਼ਰਨਾਮਾ - ਇਕ ਆਦਰਸ਼ਕ ਵਿਜੇ-ਪੱਤਰ — 9
4. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸਖ਼ਸ਼ੀਅਤ ਅਤੇ ਸ਼ਹਾਦਤ — 13
5. ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ — 17
6. ਠੰਢੇ ਬੁਰਜ 'ਚੋਂ ਗੂੰਜਦਾ ਪੈਗ਼ਾਮ — 20
7. ਗੁਰ ਸਾਗਰ ਦੇ ਸੁੱਚੇ ਮੋਤੀ — 22
8. ਸੰਤ ਬਾਬਾ ਹਜ਼ਾਰਾ ਸਿੰਘ ਮਕਸੂਦਪੁਰ ਵਾਲਿਆਂ ਦੀ ਬਰਸੀ 'ਤੇ ਵਿਸ਼ੇਸ਼ — 26
9. ਵਿਸਰ ਰਹੀਆਂ ਖੇਡਾਂ — 28
10. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਸਰਗਰਮੀਆਂ — 29
11. ਸਾਦਾ ਸ਼ੁੱਭ ਵਿਆਹ — 30
12. ਕਾਵਿ-ਕਿਆਰੀ — 31
13. The Saga of the Chote Sahibzade — 33
14. Dangers of Drug Addiction — 35
15. Questionnaire of Sikh Religion — 36
16. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ — 37




ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਅਤੇ ਲੁਬਾਣਾ ਸੇਵਕ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਨੂੰ ਨਵੇਂ ਸਾਲ 2015 ਦੀਆਂ ਲੱਖ-ਲੱਖ ਮੁਬਾਰਕਾਂ

**ਗੁਰਚਰਨ ਸਿੰਘ (ਪ੍ਰਧਾਨ)**


'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।

# ਅਲਵਿਦਾ 2014 ਅਤੇ ਖੁਸ਼ ਆਮਦੀਦ ਸਾਲ 2015

ਸਾਲ 2014 ਗੁਜ਼ਰ ਗਿਆ ਅਤੇ ਹਰ ਵਿਅਕਤੀ ਲਈ ਇਹ ਸਾਲ ਕੌੜੀਆਂ-ਮਿੱਠੀਆਂ ਯਾਦਾਂ ਛੱਡ ਗਿਆ ਹੈ। ਸਮੇਂ ਦੀ ਰਫ਼ਤਾਰ ਇਤਨੀ ਤੇਜ਼ ਹੈ ਕਿ ਆਦਮੀ ਸਾਲ ਦੇ ਅੰਤ ਵਿਚ ਸਹਿਜੇ ਹੀ ਕਹਿ ਉੱਠਦਾ ਹੈ ਕਿ ਪਤਾ ਹੀ ਨਹੀਂ ਲੱਗਿਆ ਕਿ ਇਕ ਸਾਲ ਕਿਵੇਂ ਤੁਰੰਤ ਬੀਤ ਗਿਆ। ਸਮੇਂ ਨੇ ਆਪਣੀ ਚਾਲ ਨਿਰੰਤਰ ਚਲਦੇ ਰਹਿਣਾ ਹੈ ਅਤੇ ਇਸ ਦੇ ਵੇਗ ਨੂੰ ਸਮਝਣਾ ਹੀ ਅਕਲਮੰਦੀ ਹੈ। ਹਰ ਇਨਸਾਨ ਨੂੰ ਲੰਘੇ ਸਾਲ ਸੰਬੰਧੀ ਆਪਣੀ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਉਸ ਵੱਲੋਂ ਕੀਤੇ ਗਏ ਕਾਰਜਾਂ ਸੰਬੰਧੀ ਉਸ ਦੀ ਸੰਤੁਸ਼ਟੀ ਹੈ ਕਿ ਨਹੀਂ। ਜ਼ਿੰਦਗੀ ਵਿਚ ਜੋ ਵਿਅਕਤੀ ਅਸਧਾਰਨ ਜਾਂ ਵਿਸ਼ੇਸ਼ ਬਣਦੇ ਹਨ ਉਹ ਆਮ ਵਿਅਕਤੀਆਂ ਤੋਂ ਜ਼ਿਆਦਾ ਅਲੱਗ ਜਾਂ ਨਿਆਰੇ ਨਹੀਂ ਹੁੰਦੇ। ਫਰਕ ਸਿਰਫ਼ ਇਤਨਾ ਹੈ ਕਿ ਉਨ੍ਹਾਂ ਦਾ ਸਮੇਂ ਨੂੰ ਸਹੀ ਇਸਤੇਮਾਲ ਕਰਨ ਦਾ ਢੰਗ ਹੀ ਨਿਵੇਕਲਾ ਹੁੰਦਾ ਹੈ ਜਿਸ ਕਰਕੇ ਉਹ ਅਹਿਮ ਪ੍ਰਾਪਤੀਆਂ ਕਰ ਜਾਂਦੇ ਹਨ। ਇਨਸਾਨੀ ਫਿਤਰਤ ਬਹੁਤ ਕੁਝ ਕਰਨਾ ਲੋਚਦੀ ਹੈ ਲੇਕਿਨ ਕਈ-ਕਈ ਸਾਲ ਸਿਰਫ਼ ਸੋਚ ਹੀ ਰਹਿ ਜਾਂਦੀ ਹੈ ਅਤੇ ਅਮਲੀ ਰੂਪ ਵਿਚ ਕੁਝ ਵੀ ਨਹੀਂ ਕੀਤਾ ਗਿਆ ਹੁੰਦਾ। ਖਿਆਲਾਂ ਦੀ ਦੁਨੀਆਂ ਵਿਚ ਰਹਿਣ ਨਾਲ ਕੁਝ ਪ੍ਰਾਪਤੀ ਨਹੀਂ ਹੁੰਦੀ ਬਲਕਿ ਕੁਝ ਕਾਰਜ ਕਰਨ ਨਾਲ ਹੀ ਹਕੀਕਤ ਦੀ ਦੁਨੀਆਂ ਵਿਚ ਪੈਰ ਰੱਖਿਆ ਜਾ ਸਕਦਾ ਹੈ। ਸਾਲ 2014 ਨੂੰ ਅਸੀਂ ਸਾਰੇ ਅਲਵਿਦਾ ਕਹਿ ਰਹੇ ਹਾਂ ਅਤੇ ਬੀਤੇ ਸਮੇਂ ਤੋਂ ਕੁਝ ਸਬਕ ਸਿਖਦੇ ਹੋਏ ਸਾਲ 2015 ਨੂੰ ਖੁਸ਼ ਆਮਦੀਦ ਕਹਿੰਦੇ ਹੋਏ ਇਸ ਨਵੇਂ ਸਾਲ ਵਿਚ ਪ੍ਰਾਪਤੀਆਂ ਦਾ ਦੌਰ ਆਰੰਭ ਕਰੀਏ।




**ਭਗਵਾਨ ਸਿੰਘ ਲੁਬਾਣਾ**
**ਸੰਪਾਦਕ**
98155-40240



ਸਾਨੂੰ ਸਭ ਨੂੰ ਪਤਾ ਹੈ ਕਿ ਇਸ ਸਮੇਂ ਸਮਾਜ ਅੰਦਰ ਬਹੁਤ ਸਾਰੀਆਂ ਕੁਰੀਤੀਆਂ ਜਿਵੇਂ ਕਿ ਨਸ਼ਾ, ਭਰੂਣ ਹੱਤਿਆ, ਦਾਜ ਦੀ ਲਾਹਨਤ, ਪ੍ਰਦੂਸ਼ਣ, ਰਿਸ਼ਵਤਖੋਰੀ ਆਦਿ ਦਾ ਸੰਪੂਰਨ ਬੋਲਬਾਲਾ ਹੈ। ਸਮਾਜ ਦੇ ਚੇਤੰਨ ਬਸ਼ਿੰਦੇ ਹੋਣ ਦੇ ਨਾਤੇ ਸਾਨੂੰ ਮੂਕ ਦਰਸ਼ਕ ਬਣ ਕੇ ਨਹੀਂ ਵਿਚਰਨਾ ਚਾਹੀਦਾ ਬਲਕਿ ਆਪਣੀ ਸਮਰੱਥਾ ਅਨੁਸਾਰ ਇਸ ਸੰਬੰਧੀ ਆਵਾਜ਼ ਬੁਲੰਦ ਕਰਨਾ ਸਾਡਾ ਸਾਰਿਆਂ ਦਾ ਅਹਿਮ ਫਰਜ਼ ਬਣਦਾ ਹੈ। ਬੇਸ਼ੱਕ ਅਸੀਂ ਇਕੱਲੇ ਤੌਰ ਤੇ ਕੁਝ ਨਾ ਕਰਨ ਦੇ ਸਮਰੱਥ ਹੋਈਏ ਲੇਕਿਨ ਇਕੱਠੇ ਹੋ ਕੇ ਸੰਸਥਾ ਦੇ ਰੂਪ ਵਿਚ ਅਸੀਂ ਬਹੁਤ ਵੱਡਾ ਯੋਗਦਾਨ ਪਾ ਸਕਦੇ ਹਾਂ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਹੋਰ ਸੰਸਥਾਵਾਂ ਅਹਿਮ ਸਮਾਜਕ ਸੰਸਥਾਵਾਂ ਹਨ ਜਿਨ੍ਹਾਂ ਦਾ ਮੁੱਖ ਉਦੇਸ਼ ਮਾਨਵਤਾ ਦੀ ਵੱਖੋ-ਵੱਖ ਖੇਤਰਾਂ ਵਿਚ ਸੇਵਾ ਕਰਨਾ ਹੈ। ਇਹ ਸੰਸਥਾਵਾਂ ਪਿਛਲੇ ਲੰਬੇ ਸਮੇਂ ਤੋਂ ਸਮਾਜਕ ਕਾਰਜਾਂ ਵਿਚ ਯਤਨਸ਼ੀਲ ਹਨ ਪਰ ਵੱਡੇ ਪੱਧਰ ਤੇ ਅਜੇ ਤੱਕ ਬਹੁਤ ਕੁਝ ਕਰਨ ਦੀ ਲੋੜ ਹੈ। ਵੱਡੇ ਪੱਧਰ ਤੇ ਕਾਰਜ ਕਰਨ ਲਈ ਵੱਡੇ ਪੱਧਰ ਤੇ ਹੀ ਲੋਕਾਂ ਦੀ ਸ਼ਮੂਲੀਅਤ ਦੀ ਜ਼ਰੂਰਤ ਹੁੰਦੀ ਹੈ, ਇਸ ਲਈ ਸਾਡੇ ਸਾਰਿਆਂ ਦਾ ਫਰਜ਼ ਵੀ ਬਣਦਾ ਹੈ ਕਿ ਯਥਾ ਸ਼ਕਤੀ ਮੁਤਾਬਕ ਇਹਨਾਂ ਸੰਸਥਾਵਾਂ ਦਾ ਹਿੱਸਾ ਬਣ ਕੇ ਸਮਾਜ ਅੰਦਰ ਫੈਲੀਆਂ ਕੁਰੀਤੀਆਂ ਪ੍ਰਤੀ ਲਾਮਬੰਦ ਹੋਈਏ।

ਆਪ ਸਭ ਨੂੰ ਸਾਲ 2015 ਖੁਸ਼ ਆਮਦੀਦ ਕਹਿੰਦੇ ਹੋਏ ਪ੍ਰਮਾਤਮਾਂ ਅੱਗੇ ਅਰਜੋਈ ਹੈ ਕਿ ਸਭਨਾਂ ਲਈ ਆਉਣ ਵਾਲਾ ਸਮਾਂ ਖੁਸ਼ੀਆਂ ਖੇੜਿਆਂ ਭਰਪੂਰ ਹੋਵੇ ਅਤੇ ਸਮਾਜ ਦੀ ਸੇਵਾ ਕਰਨ ਦਾ ਮਾਲਕ ਆਪ ਸਭ ਨੂੰ ਉੱਦਮ ਤੇ ਉਤਸ਼ਾਹ ਬਖਸ਼ੇ।

**ਆਮੀਨ !**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਜਿਕ ਕ੍ਰਾਂਤੀ ਦੇ ਪ੍ਰਣੇਤਾ



**ਡਾ. ਭਗਵੰਤ ਸਿੰਘ**

ਸਿੱਖ ਕੌਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਅਨੁਸਾਰ 22 ਦਸੰਬਰ ਸੰਨ 1666 ਈ: ਦਰਸਾਇਆ ਗਿਆ ਹੈ। ਇਹ ਉਹ ਸਮਾਂ ਸੀ ਜਦੋਂ ਹਿੰਦੁਸਤਾਨ ਦੇ ਉਪਰ ਮਜ਼ਬੂਤ ਮੁਗ਼ਲ ਸਲਤਨਤ ਦਾ ਰਾਜ ਸੀ। ਉਸ ਸਮੇਂ ਔਰੰਗਜ਼ੇਬ ਦਿੱਲੀ ਦਾ ਬਾਦਸ਼ਾਹ ਸੀ।

ਔਰੰਗਜ਼ੇਬ ਨੇ ਆਪਣੇ ਪਿਤਾ ਬਾਦਸ਼ਾਹ ਸ਼ਾਹਜਹਾਨ ਨੂੰ ਕੈਦ ਕਰਨ ਉਪਰੰਤ ਆਪਣੇ ਭਰਾਵਾਂ ਦਾ ਕਤਲ ਕਰ ਕੇ ਤਖ਼ਤ ਉਪਰ ਕਬਜ਼ਾ ਕੀਤਾ ਸੀ। ਉਸ ਸਮੇਂ ਨਿਰੰਕੁਸ਼ ਸ਼ਾਸਕ ਦਾ ਹਰ ਪਾਸੇ ਦਬਦਬਾ ਸੀ। ਰਾਜ ਸੱਤਾ ਨੂੰ ਪ੍ਰਾਪਤ ਕਰਨ ਲਈ ਔਰੰਗਜ਼ੇਬ ਨੇ ਕੱਟੜ ਮੁਲਾਣਿਆਂ ਦੀ ਮਦਦ ਲਈ। ਕਿਉਂਕਿ ਇਹ ਬਾਦਸ਼ਾਹ ਸ਼ਾਹਜਹਾਨ ਦਾ ਤੀਜਾ ਪੁੱਤਰ ਸੀ ਜਿਸ ਕਾਰਨ ਤਖ਼ਤ 'ਤੇ ਸਿੱਧਾ ਇਸ ਦਾ ਹੱਕ ਨਹੀਂ ਬਣਦਾ ਸੀ। ਕੱਟੜਪੰਥੀਆਂ ਨੇ ਔਰੰਗਜ਼ੇਬ ਨੂੰ ਆਲਮਗੀਰ ਦਾ ਖ਼ਿਤਾਬ ਦਿੱਤਾ। ਜਿਸ ਨੂੰ ਉਸ ਨੇ ਬਹੁਤ ਖ਼ੁਸ਼ੀ ਨਾਲ ਧਾਰਨ ਕੀਤਾ।

ਰਾਜ ਸੱਤਾ ਉਪਰ ਕਾਬਜ਼ ਸ਼ਕਤੀਆਂ ਹਮੇਸ਼ਾਂ ਹੀ ਆਪਣੇ ਵਿਰੋਧੀਆਂ ਦਾ ਦਮਨ ਕਰਦੀਆਂ ਹਨ ਅਤੇ ਇਸ ਤਰ੍ਹਾਂ ਕਰਦੇ ਹੋਏ ਉਹ ਜਨ ਸਾਧਾਰਨ ਦਾ ਘਾਣ ਵੀ ਕਰ ਦਿੰਦੀਆਂ ਹਨ। ਤਾਕਤ ਦੇ ਨਸ਼ੇ ਵਿਚ ਰਾਜ ਧਰਮ ਨੂੰ ਵੀ ਭੁੱਲ ਬੈਠਦੀਆਂ ਹਨ। ਇਸ ਤਰ੍ਹਾਂ ਹੀ ਔਰੰਗਜ਼ੇਬ ਦੇ ਸਮੇਂ ਹਿੰਦੁਸਤਾਨ ਵਿਚ ਹੋ ਰਿਹਾ ਸੀ। ਇਸ ਨੇ ਗ਼ੈਰ ਮੁਸਲਮਾਨਾਂ ਦੇ ਮੇਲੇ, ਮੰਦਰਾਂ ਤੇ ਉਤਸਵਾਂ ਨੂੰ ਬੰਦ ਕਰ ਦਿੱਤਾ ਅਤੇ ਅਕਬਰ ਦਾ ਹਟਾਇਆ ਹੋਇਆ ਜਜ਼ੀਆ ਗ਼ੈਰ ਮੁਸਲਮਾਨਾਂ ਉਪਰ ਫਿਰ ਲਗਾ ਦਿੱਤਾ ਸੀ। ਇਸ ਤਰ੍ਹਾਂ ਦੇ ਅੱਤਿਆਚਾਰਾਂ ਤੋਂ ਦੁਖੀ ਜਨਤਾ ਅਤੇ ਕਸ਼ਮੀਰੀ ਪੰਡਤਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਪੁੱਜ ਕੇ ਮਦਦ ਮੰਗੀ ਜਿੱਥੇ ਕਾਫੀ ਗੰਭੀਰ ਚਰਚਾ ਹੋਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਖੇ ਆਪਣੀ ਸ਼ਹਾਦਤ ਦਿੱਤੀ। ਇਹ ਇਕ ਅਦੁੱਤੀ ਅਤੇ ਦਿਲ ਨੂੰ ਝੰਜੋੜਨ ਵਾਲੀ ਘਟਨਾ ਹੈ ਕਿ ਜਦੋਂ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਭਾਈ ਜੀਵਨ ਸਿੰਘ 'ਰੰਘਰੇਟਾ' ਸ੍ਰੀ ਅਨੰਦਪੁਰ ਸਾਹਿਬ ਪੁੱਜਿਆ ਤਾਂ 9 ਸਾਲ ਦੀ ਉਮਰ ਦੇ ਬਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਨੋਅਵਸਥਾ ਕੀ ਹੋਵੇਗੀ? ਉਨ੍ਹਾਂ ਨੇ ਭਾਈ ਜੈਤਾ ਜੀ ਨੂੰ ਗਲ ਲਾ ਕੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਵਰਦਾਨ ਦਿੱਤਾ। ਇਹ ਇਕ ਅਸਾਧਾਰਨ ਵਿਅਕਤੀਤਵ ਦੀ ਮਿਸਾਲ ਹੈ। ਆਪ ਨੇ ਉਦੋਂ ਹੀ ਨਿਰਣਾ ਕਰ ਲਿਆ ਕਿ ਹਿੰਦੁਸਤਾਨ ਦੀ ਮੁਰਦਾ ਕੌਮ ਨੂੰ ਜਗਾਉਣ ਹਿਤ ਸ਼ਸਤ੍ਰਬੱਧ ਕਰਨਾ ਅਤੇ ਵੱਖਰੀ ਪਹਿਚਾਣ ਨਿਰਧਾਰਤ ਕਰਨੀ ਜ਼ਰੂਰੀ ਹੈ। ਆਪ ਬਚਪਨ ਤੋਂ ਹੀ ਸ਼ਸਤਰ ਵਿੱਦਿਆ ਵਿਚ ਡੂੰਘੀ ਦਿਲਚਸਪੀ ਰੱਖਦੇ ਸਨ। ਆਪ ਨੇ 1699 ਈ: ਵਿਚ ਸ੍ਰੀ ਕੇਸਗੜ੍ਹ ਸਾਹਿਬ ਦੇ ਅਸਥਾਨ 'ਤੇ ਇਕ ਵਿਸ਼ਾਲ ਦੀਵਾਨ ਸਜਾਇਆ ਜਿਸ ਵਿਚ ਹਿੰਦੁਸਤਾਨ ਭਰ ਤੋਂ ਜਨਤਾ ਸ਼ਾਮਲ ਹੋਈ। ਆਪ ਨੇ ਬਹੁਤ ਪ੍ਰਭਾਵਸ਼ਾਲੀ ਤਕਰੀਰ ਕੀਤੀ। ਜ਼ੁਲਮ ਵਿਰੁੱਧ ਡਟਣ ਲਈ ਸੀਸ ਦੀ ਮੰਗ ਕੀਤੀ। ਇਸ ਪ੍ਰਕਾਰ ਪੰਜ ਸਿੱਖ ਚੁਣ ਕੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੇ ਧਾਰਨੀ ਸਿੰਘ ਸਜਾਏ ਜਿਨ੍ਹਾਂ ਤੋਂ ਫਿਰ ਆਪ ਅੰਮ੍ਰਿਤ ਛਕਿਆ। ਇਸ ਪ੍ਰਕਾਰ ਨਿਆਰੇ ਖਾਲਸੇ ਦੀ ਸਿਰਜਨਾ ਕੀਤੀ।

1 ਵੈਸਾਖ ਸੰਮਤ 1756 ਨੂੰ ਜਿਨ੍ਹਾਂ ਪੰਜ ਪਿਆਰਿਆਂ ਨੂੰ ਸੀਸ ਦੇ ਬਦਲੇ ਅੰਮ੍ਰਿਤ ਛਕਾਇਆ ਸੀ ਉਨ੍ਹਾਂ ਦੇ ਨਾਂ ਸਨ ਭਾਈ ਦਯਾ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਭਾਈ ਹਿੰਮਤ ਸਿੰਘ ਜੀ। ਹਿੰਦੁਸਤਾਨ ਦੇ ਵਿਭਿੰਨ ਕੋਨਿਆਂ ਤੋਂ ਚੁਣੇ ਇਹ ਪੰਜ ਪਿਆਰੇ ਪੰਜ ਕਕਾਰਾਂ ਦੇ ਧਾਰਨੀ ਸਨ ਜਿਨ੍ਹਾਂ ਨੇ ਅੱਗੇ ਜਾ ਕੇ ਬਹੁਤ ਅਦੁੱਤੀ ਕਾਰਜ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਧਾਂਤਕ ਪੱਖ ਤੋਂ ਵੀ ਇਨਕਲਾਬੀ ਕਾਰਜ ਕੀਤੇ। ਉਨ੍ਹਾਂ ਨੇ ਖਾਲਸਾ ਪੰਥ ਦੀ ਸਿਰਜਨਾ ਦਾ ਆਧਾਰ ਜਨ-ਸ਼ਕਤੀ ਨੂੰ ਬਣਾਇਆ। ਸਦਭਾਵਨਾ, ਮਾਨਵ ਕਲਿਆਣਕਾਰੀ, ਸਮਨਵੈ ਅਤੇ ਸਮਾਨਤਾ ਦੇ ਸੰਕਲਪਾਂ ਨੂੰ ਆਪਣੇ ਹਰੇਕ ਕਾਰਜ ਵਿਚ ਦ੍ਰਿੜਾਇਆ। ਲੋਕ ਰੱਖਿਆ ਦੇ ਲਈ ਆਪਣੇ ਖ਼ੂਨ ਨਾਲ ਹਸਤਾਖਰ ਕੀਤੇ।

ਮੱਧਕਾਲੀਨ ਦੌਰ ਵਿਚ ਹਿੰਦੁਸਤਾਨ ਵਿਚ ਘੋਰ, ਭਿਅੰਕਰ, ਲੰਮੀ ਅਤੇ ਨਿਰੰਤਰ ਹਿਮਪਾਤ ਦੀ ਕਾਲ-ਰਾਤਰੀ ਵਿਆਪਤ ਸੀ। ਇਸ ਯੁੱਗ ਵਿਚ ਹਿੰਦੁਸਤਾਨੀ ਜਨਤਾ ਨੂੰ ਮੂਰਛਤ ਕਰ ਦਿੱਤਾ ਸੀ। ਇਹ ਇਕ ਕਰੂਰ ਦੌਰ ਸੀ। ਇਹ ਵਿਨਾਸ਼ਕ ਅਤੇ ਨਿਰਾਸ਼ਾ ਦਾ ਸਮਾਂ ਸੀ। ਅਜਿਹੇ ਸਮੇਂ ਹਿੰਦੁਸਤਾਨੀ ਆਪਣੀਆਂ ਗੌਰਵਮਈ ਪਰੰਪਰਾਵਾਂ ਨੂੰ ਭੁਲਾ ਕੇ ਆਪਣੇ ਸੰਸਕਾਰਾਂ ਆਪਣੀ ਭਾਸ਼ਾ, ਆਪਣਾ ਸੱਭਿਆਚਾਰ ਵਿਸਾਰ ਚੁੱਕੇ ਸਨ।

ਉਨ੍ਹਾਂ ਨੂੰ ਜਗਾ ਕੇ ਆਪਣੇ ਹੱਕਾਂ ਪ੍ਰਤੀ ਖੜਾ ਕਰਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਮਹਾਨ ਜਨਉਪਕਾਰੀ ਕਾਰਜ ਸੀ। ਉਚ ਭਾਰਤੀ ਸਮਾਜ ਜਾਤ-ਪਾਤ ਊਚ-ਨੀਚ ਦੀ ਦਲਦਲ ਵਿਚ ਬੁਰੀ ਤਰ੍ਹਾਂ ਫਸਿਆ ਹੋਇਆ ਸੀ। ਸੱਤਾਧਾਰੀਆਂ ਨੂੰ ਅਜਿਹਾ ਵਰਤਾਰਾ ਪੂਰੀ ਤਰ੍ਹਾਂ ਰਾਸ ਆਉਂਦਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਰਤਾਰੇ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਉਨ੍ਹਾਂ ਸਰਬਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਊਚ-ਨੀਚ ਮਿਟਾ ਕੇ ਸਭ ਨੂੰ ਇਕ ਸਮਾਨ ਬਣਾਇਆ। ਉਨ੍ਹਾਂ ਦਾ ਇਹ ਫੁਰਮਾਨ :-

**ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ**
**ਕੋਊ ਬ੍ਰਹਮਾਚਾਰੀ ਕੋਊ ਜਤੀ ਅਨੁਮਾਨਬੋ॥**
**ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥**
**ਕਰਤਾ ਕਰੀਮ ਸੋਈ ਰਾਜਕ ਰਹੀਮ ਓਈ**
**ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥**
**ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ**
**ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ (ਅਕਾਲ ਉਸਤਤ)**

ਇਹ ਬੁਨਿਆਦੀ ਤਬਦੀਲੀ ਦਾ ਸੂਚਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਰੋਧ ਕਿਸੇ ਜਾਤ ਧਰਮ, ਫਿਰਕੇ ਨਾਲ ਨਹੀਂ ਸੀ ਸਗੋਂ ਉਨ੍ਹਾਂ ਦਾ ਵਿਰੋਧ ਜ਼ੁਲਮ ਤੇ ਜ਼ਾਲਮ ਸੱਤਾ ਨਾਲ ਸੀ। ਇਸ ਲਈ ਉਨ੍ਹਾਂ ਨੇ ਗੁਰਮਤਿ ਦੇ ਸਿਧਾਂਤ 'ਨਾ ਹਮ ਹਿੰਦੂ ਨਾ ਮੁਸਲਮਾਨ' ਦੇ ਸੰਕਲਪ ਅਤੇ ਦੱਬੇ-ਕੁਚਲਿਆਂ ਨੂੰ ਗਲ ਲਾ ਕੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਤਿਆਰ ਕੀਤਾ। ਇਸ ਪ੍ਰਕਾਰ ਕਰਮਕਾਂਡੀਆਂ ਦੇ ਸਿਧਾਂਤਾਂ ਨੂੰ ਵੀ ਪੂਰੀ ਤਰ੍ਹਾਂ ਰੱਦ ਕਰ ਕੇ ਉਨ੍ਹਾਂ ਉਪਰ ਤਕੜੀ ਸੱਟ ਮਾਰੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਅਭਿਮਾਨੀਆਂ ਨੂੰ ਵੀ ਝੰਜੋੜਿਆ। ਗੁਰਮਤਿ ਅਨੁਸਾਰ ਸਭ ਪ੍ਰਾਣੀ ਇੱਕ ਹਨ। ਕੋਈ ਵੀ ਉਚਾ ਜਾਂ ਨੀਵਾਂ ਨਹੀਂ ਹੈ। ਗੁਰਬਾਣੀ ਵਿਚ ਜਾਤ-ਪਾਤ ਦਾ ਬਾਹਰਮੁਖੀ ਦ੍ਰਿਸ਼ਟੀ ਨਾਲ ਖੰਡਨ ਕੀਤਾ ਗਿਆ ਹੈ:

**ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥**
**ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥**
**ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ਰਹਾਉ ॥**
**ਚਾਰੇ ਵਰਨ ਆਖੈ ਸਭੁ ਕੋਈ ॥**
**ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥2॥**
**ਮਾਟੀ ਏਕ ਸਗਲ ਸੰਸਾਰਾ ॥**
**ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥3॥**
**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥**
**ਘਟਿ ਵਧਿ ਕੋ ਕਰੈ ਬੀਚਾਰਾ ॥**
**ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥**
**ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ (ਪੰਨਾ 1127)**

ਦਸਮ ਪਿਤਾ ਜੀ ਨੇ ਇਨ੍ਹਾਂ ਸੰਕਲਪਾਂ ਨੂੰ ਵਿਸਥਾਰ ਦਿੰਦੇ ਹੋਏ ਹਿੰਦੁਸਤਾਨੀਆਂ ਨੂੰ ਗ਼ੁਲਾਮੀ ਅਤੇ ਜ਼ੁਲਮ ਤੋਂ ਛੁਟਕਾਰਾ ਪਾਉਣ ਲਈ ਤਿਆਰ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਦਭੁਤ ਸ਼ਕਤੀਆਂ ਦੇ ਸੁਆਮੀ ਸਨ। ਜਿੱਥੇ ਉਹ ਹਥਿਆਰਾਂ ਵਿਚ ਪ੍ਰਬੀਨਤਾ ਰੱਖਦੇ ਸਨ ਉਥੇ ਉਹ ਯੁੱਧਨੀਤਕ ਤਰੀਕਿਆਂ ਤੋਂ ਪੂਰੀ ਤਰ੍ਹਾਂ ਵਾਕਫ ਸਨ। ਉਨ੍ਹਾਂ ਨੇ ਸ਼ਬਦ ਸ਼ਕਤੀ ਨੂੰ ਵੀ ਇਕ ਹਥਿਆਰ ਦੀ ਤਰ੍ਹਾਂ ਵਰਤਿਆ। ਉਨ੍ਹਾਂ ਨੂੰ ਬ੍ਰਿਜ ਭਾਸ਼ਾ, ਹਿੰਦੀ, ਫ਼ਾਰਸੀ ਅਤੇ ਪੰਜਾਬੀ ਭਾਸ਼ਾ ਦਾ ਪੂਰਾ ਗਿਆਨ ਸੀ। ਉਨ੍ਹਾਂ ਦੀਆਂ ਇਨ੍ਹਾਂ ਭਾਸ਼ਾਵਾਂ ਵਿਚ ਰਚੀਆਂ ਹੋਈਆਂ ਰਚਨਾਵਾਂ ਬਹੁਤ ਉਚ ਪੱਧਰ ਦੀਆਂ ਹਨ।

'ਚੰਡੀ ਦੀ ਵਾਰ' ਮੁਰਦਾ ਕੌਮਾਂ ਵਿਚ ਜਾਨ ਭਰਨ ਵਾਲੀ ਹੈ। ਇਸ ਦਾ ਵਿਸ਼ਾ ਅਤੇ ਰੂਪਕ ਪੱਖ ਬਹੁਤ ਹੀ ਕਮਾਲ ਹੈ। ਚੰਡੀ ਦੀ ਵਾਰ ਦਾ ਪਾਠ ਕਰ ਕੇ ਯੋਧੇ ਮੈਦਾਨ-ਏ-ਜੰਗ ਨੂੰ ਚੜ੍ਹਦੇ ਸਨ। ਚੰਡੀ ਦੀ ਵਾਰ ਦੀ ਪ੍ਰਿਸ਼ਟਭੂਮੀ, ਭਾਸ਼ਾ, ਸ਼ੈਲੀ, ਅਲੰਕਾਰ, ਸ਼ਬਦਾਵਲੀ, ਰਸ ਸੰਚਾਰ ਅਤੇ ਦ੍ਰਿਸ਼ ਵਰਣਨ ਇਸ ਨੂੰ ਪੰਜਾਬੀ ਦੀ 'ਸਿਰਮੌਰ ਵਾਰ' ਦੇ ਤੌਰ 'ਤੇ ਸਥਾਪਿਤ ਕਰਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਭਿਆਚਾਰਕ ਚੇਤਨਾ ਪ੍ਰਦਾਨ ਕਰਨ ਲਈ ਸਾਹਿਤ ਸਿਰਜਨਾ ਕੀਤੀ। ਉਨ੍ਹਾਂ ਦਾ ਕਾਵਿ ਬਹੁਤ ਪ੍ਰੇਰਣਾਦਾਇਕ ਹੈ:

**"ਸਾਧ ਕਰਮ ਜੇ ਪੁਰਖ ਕਮਾਵੈ॥**
**ਨਾਮ ਦੇਵਤਾ ਜਗਤ ਕਹਾਵੈ॥**
**ਕੁਕ੍ਰਿਤ ਕਰਮ ਜੇ ਜਗ ਮੈ ਕਰਹੀਂ॥**
**ਨਾਮ ਅਸੁਰ ਤਿਨ ਕੋ ਸਭ ਧਰਹੀਂ॥"**

**(ਬਚਿਤ੍ਰ ਨਾਟਕ)**

ਸਾਹਿਤ ਰਾਹੀਂ ਸਮਾਜਿਕ ਚੇਤਨਾ ਪ੍ਰਦਾਨ ਕਰਨ ਲਈ ਗੁਰੂ ਜੀ ਦੇ ਦਰਬਾਰ ਵਿਚ 52 ਕਵੀ ਹਾਜ਼ਰ ਸਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: 1. ਉਦੇਰਾਯ, 2. ਅਣੀਰਾਯ, 3. ਅੰਮ੍ਰਿਤਰਾਯ, 4. ਅੱਲੂ, 5. ਆਸਾ ਸਿੰਘ, 6. ਆਲਿਮ, 7. ਈਸ਼੍ਵਰਦਾਸ, 8. ਸੁਖਦੇਵ, 9. ਸੁੱਖਾ ਸਿੰਘ, 10. ਸੁਖੀਆ, 11. ਸੁਦਾਮਾ, 12. ਸੈਨਾਪਤਿ, 13. ਸ਼ਯਾਮ, 14. ਹੀਰ, 15. ਹੁਸੈਨਅਲੀ, 16. ਹੰਸਰਾਜ, 17. ਕੱਲੂ, 18. ਕੁਵਰੇਸ਼, 19. ਖਾਨਚੰਦ, 20. ਗੁਣੀਆ, 21. ਗੁਰੁਦਾਸ, 22. ਗੋਪਾਲ, 23. ਚੰਦਨ, 24. ਚੰਦਾ, 25. ਜਮਾਲ, 26. ਟਹਿਕਨ, 27. ਧਰਮ ਸਿੰਘ, 28. ਧੰਨਾ ਸਿੰਘ, 29. ਧਯਾਨ ਸਿੰਘ, 30. ਨਾਨੂ, 31. ਨਿਸ਼ਚਲਦਾਸ, 32. ਨਿਹਾਲਚੰਦ, 33. ਨੰਦ ਸਿੰਘ, 34. ਨੰਦਲਾਲ, 35. ਪਿੰਡੀਦਾਸ, 36. ਬੱਲਭ, 37. ਬੱਲੂ, 38. ਬਿਧੀ ਚੰਦ, 39. ਬੁਲੰਦ, 40. ਬ੍ਰਿਖ, 41. ਬ੍ਰਿਜਲਾਲ, 42. ਮਥੁਰਾ, 43. ਮਦਨ ਸਿੰਘ, 44. ਮਦਨਗਿਰਿ, 45. ਮੱਲੂ, 46. ਮਾਨ ਦਾਸ 47. ਮਾਲਾ ਸਿੰਘ, 48. ਮੰਗਲ, 49. ਰਾਮ, 50. ਰਾਵਲ, 51. ਰੌਸ਼ਨ ਸਿੰਘ, 52. ਲੱਖਾ।

ਇਨ੍ਹਾਂ ਬਵਿੰਜਾ ਕਵੀਆਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਅਨੇਕਾ ਮਤਾਂ ਦੀਆਂ ਪੁਸਤਕਾਂ ਦਾ ਪੰਜਾਬੀ ਅਤੇ ਹਿੰਦੀ ਵਿਚ ਉਲਥਾ ਕੀਤਾ। ਉਨ੍ਹਾਂ ਦੁਆਰਾ ਮਹਾਂਭਾਰਤ ਦੇ ਕਈ ਪਰਵ, ਚਾਣਕਯਨੀਤੀ, ਗੁਰਸ਼ੋਭਾ ਆਦਿ ਜੋ ਸ੍ਰੀ ਅਨੰਦਪੁਰ ਸਾਹਿਬ ਦੇ ਜੰਗ ਤੋਂ ਪਹਿਲਾਂ ਤਿਆਰ ਹੋ ਕੇ ਵਿਦਵਾਨਾਂ ਪਾਸ ਪਹੁੰਚ ਗਏ ਸਨ। ਇਨ੍ਹਾਂ ਕਵੀਆਂ ਨੇ ਲੰਮੀ, ਘਾਲਣਾ ਉਪਰੰਤ ਇਕ ਅਦਭੁਤ ਗ੍ਰੰਥ "ਵਿਦਯਾਸਾਰ ਅਤਵਾ ਵਿਦਯਾਸਾਗਰ' ਲਿਖਿਆ ਸੀ। ਉਹ ਜੋ ਕਿ ਬਹੁਤ ਹੀ ਮਹੱਤਵਪੂਰਨ ਸੀ ਪਰ ਉਹ ਸ੍ਰੀ ਅਨੰਦਪੁਰ ਸਾਹਿਬ ਦੇ ਯੁੱਧ ਸਮੇਂ ਸਰਸਾ ਨਦੀ ਵਿਚ ਰੁੜ੍ਹ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਿਚਾਰਧਾਰਕ ਤੌਰ ’ਤੇ ਬਹੁਤ ਉਚੇ ਸਨ। ਉਨ੍ਹਾਂ ਦੀ ਵਿਚਾਰਧਾਰਕ ਬੁਲੰਦੀ ਦੀ ਗਵਾਹੀ ਉਨ੍ਹਾਂ ਦੁਆਰਾ ਬਾਦਸ਼ਾਹ ਔਰੰਗਜ਼ੇਬ ਨੂੰ ਫ਼ਾਰਸੀ ਵਿਚ ਲਿਖੀ ਗਈ ਚਿੱਠੀ ਜਿਸ ਨੂੰ ‘ਜ਼ਫ਼ਰਨਾਮਾ’ ਕਿਹਾ ਜਾਂਦਾ ਹੈ, ਭਰਦੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਵਿਛੋੜੇ ਉਪਰੰਤ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਜੰਗ ਵਿਚ ਹਕੂਮਤੀ ਫੌਜਾਂ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਮਾਤਾ ਗੁਜਰੀ ਜੀ ਸਮੇਤ ਪਕੜ ਲਿਆ। ਬਾਲ ਸਾਹਿਬਜ਼ਾਦਿਆਂ ਨੂੰ ਬਹੁਤ ਲਾਲਚ, ਡਰਾਵੇ ਦਿੱਤੇ ਗਏ ਕਿ ਉਹ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰ ਲੈਣ ਪਰ ਛੋਟੀ ਉਮਰ ਦੇ ਬਾਲ ਸਾਹਿਬਜ਼ਾਦਿਆਂ ਨੇ ਈਨ ਨਾ ਮੰਨੀ ਤਾਂ ਸੂਬਾ ਸਰਹਿੰਦ ਨੇ ਜੀਊਂਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ। ਇਨ੍ਹਾਂ ਦੀ ਕੁਰਬਾਨੀ ਉਪਰੰਤ ਮਾਤਾ ਗੁਜਰੀ ਜੀ ਵੀ ਤਸੀਹੇ ਝੱਲਦਿਆਂ ਸਵਾਸ ਤਿਆਗ ਗਏ।

ਇਸ ਪ੍ਰਕਾਰ ਗੁਰੂ ਜੀ ਦਾ ਸਮੁੱਚਾ ਪਰਵਾਰ ਵਿਛੜ ਕੇ ਕੌਮ ਲਈ ਆਹੂਤੀ ਦੇ ਰਿਹਾ ਸੀ। ਠੀਕ ਉਸ ਸਮੇਂ ਗੁਰੂ ਜੀ ਮਾਛੀਵਾੜੇ ਤੋਂ ਉਚ ਦੇ ਪੀਰ ਬਣ ਕੇ ਮਾਲਵਾ ਖੇਤਰ ਵੱਲ ਪ੍ਰਸਥਾਨ ਕਰ ਗਏ ਸੀ। ਦੀਨਾ ਕਾਂਗੜ ਦੇ ਸਥਾਨ ਤੋਂ ਉਨ੍ਹਾਂ ਫ਼ਾਰਸੀ ਵਿਚ ਲਿਖਿਆ ‘ਜ਼ਫ਼ਰਨਾਮਾ’ ਭਾਈ ਦਯਾ ਸਿੰਘ ਦੇ ਹੱਥ ਦੱਖਣ ਵਿਚ ਮੁਗ਼ਲ ਸਮਰਾਟ ਔਰੰਗਜ਼ੇਬ ਵੱਲ ਭੇਜਿਆ। ਇਸ ਪੱਤਰ ਦੀ ਸ਼ਬਦਾਵਲੀ ਅਤੇ ਤੱਥ ਬਹੁਤ ਹੀ ਦਿਲ ਖਿੱਚਵੇਂ ਸਨ। ਇਤਿਹਾਸਿਕ ਸ੍ਰੋਤਾਂ ਤੋਂ ਪਤਾ ਲੱਗਦਾ ਹੈ ਕਿ ਬਾਦਸ਼ਾਹ ਔਰੰਗਜ਼ੇਬ ਆਪਣੀ ਬੇਟੀ ਜ਼ੇਬੁਨਿਸ਼ਾ ਤੋਂ ਇਸ ਪੱਤਰ ਦਾ ਪਾਠ ਸੁਣ ਕੇ ਬਹੁਤ ਬੇਚੈਨ ਹੋ ਗਿਆ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਵਾਲੀ ਮਾਨਸਿਕ ਅਵਸਥਾ ਦਾ ਪ੍ਰਗਟਾਵਾ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਭਾਈ ਨੰਦ ਲਾਲ ਗੋਯਾ ਜੋ ਫ਼ਾਰਸੀ ਅਤੇ ਹੋਰ ਭਾਸ਼ਾਵਾਂ ਦਾ ਵਿਦਵਾਨ ਸੀ ਜਿਸ ਨੇ ਬਾਅਦ ਵਿਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੇ ਦਰਬਾਰ ਵਿਚ ਵੀ ਨੌਕਰੀ ਕੀਤੀ। ਉਸ ਨੇ ਗੁਰੂ ਜੀ ਨੂੰ ਬਹੁਤ ਨੇੜੇ ਤੋਂ ਵੇਖਿਆ ਅਤੇ ਆਪਣੇ ਭਾਵਾਂ ਨੂੰ ‘ਗੰਜਨਾਮਾ’ ਵਿਚ ਇੰਞ ਵਿਅਕਤ ਕੀਤਾ:

**“ਨਾਸਿਰੋ ਮਨਸੂਰ ਗੁਰ ਗੋਬਿੰਦ ਸਿੰਘ**
**ਈਜ਼ਦਿ ਮਨਜ਼ੂਰ ਗੁਰ ਗੋਬਿੰਦ ਸਿੰਘ ॥105॥**
**ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ**
**ਜੁਮਲਾ ਫ਼ੈਜ਼ਿ ਨੂਰ ਗੁਰ ਗੋਬਿੰਦ ਸਿੰਘ ॥106॥**
**ਹੱਕ ਹੱਕ ਆਗਾਹ ਗੁਰ ਗੋਬਿੰਦ ਸਿੰਘ**
**ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥107॥**
**ਬਰ ਦੋ ਆਲਮ ਸ਼ਾਹ ਗੁਰ ਗੋਬਿੰਦ ਸਿੰਘ**
**ਖ਼ਸਮ ਰਾ ਜਾਂ-ਕਾਹ ਗੁਰ ਗੋਬਿੰਦ ਸਿੰਘ ॥108॥**
**ਫ਼ਾਇਜ਼ੁਲ ਅਨਵਾਰ ਗੁਰ ਗੋਬਿੰਦ ਸਿੰਘ**
**ਕਾਸ਼ਫੁਲ ਅਸਰਾਰ ਗੁਰ ਗੋਬਿੰਦ ਸਿੰਘ ॥109॥**
**ਆਲਿਮੁਲ ਅਸਤਾਰ ਗੁਰ ਗੋਬਿੰਦ ਸਿੰਘ**
**ਅਬਰੇ ਰਹਿਮਤ ਬਾਰ ਗੁਰ ਗੋਬਿੰਦ ਸਿੰਘ ॥110॥**
**ਮੁਕਬੁਲੋ ਮਕਬੂਲ ਗੁਰ ਗੋਬਿੰਦ ਸਿੰਘ**
**ਵਾਸਲੋ ਮੌਸੁਲ ਗੁਰ ਗੋਬਿੰਦ ਸਿੰਘ ॥111॥**
**ਜ਼ਾਂ-ਫ਼ਿਰੋਜ਼ੇ ਦਹਿਰ ਗੁਰ ਗੋਬਿੰਦ ਸਿੰਘ**
**ਫ਼ੈਜ਼ਿਹੱਕ ਰਾ ਬਹਿਰ ਗੁਰ ਗੋਬਿੰਦ ਸਿੰਘ ॥112॥**
**ਹੱਕ ਰਾ ਮਹਿਬੂਬ ਗੁਰ ਗੋਬਿੰਦ ਸਿੰਘ**
**ਤਾਲਿਬੋ ਮਤਲੂਬ ਗੁਰ ਗੋਬਿੰਦ ਸਿੰਘ ॥113॥**
**ਤੇਗ਼ ਗ ਫ਼ੱਤਾਹ ਗੁਰ ਗੋਬਿੰਦ ਸਿੰਘ**
**ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥114॥**
**ਸਾਹਿਬਿ ਅਕਲੀਲ ਗੁਰ ਗੋਬਿੰਦ ਸਿੰਘ**
**ਜ਼ਿਬਿ ਹੱਕ ਤਜ਼ਲੀਲ ਗੁਰ ਗੋਬਿੰਦ ਸਿੰਘ ॥115॥**
**ਖਾਜ਼ਾਨਿ ਹਰ ਗੰਜ ਗੁਰ ਗੋਬਿੰਦ ਸਿੰਘ**
**ਬਰਹਮਿ ਹਰ ਰੰਜ ਗੁਰ ਗੋਬਿੰਦ ਸਿੰਘ ॥116॥**
**ਦਾਵਰਿ ਆਫ਼ਾਕ ਗੁਰ ਗੋਬਿੰਦ ਸਿੰਘ**
**ਦਰ ਦੋ ਆਲਮ ਤਾਕ ਗੁਰ ਗੋਬਿੰਦ ਸਿੰਘ ॥117॥**
**ਹੱਕ ਖ਼ੁਦ ਵੱਸਾਫਿ ਗੁਰ ਗੋਬਿੰਦ ਸਿੰਘ**
**ਬਰ ਤਰੀਂ ਔਸਾਫਿ ਗੁਰ ਗੋਬਿੰਦ ਸਿੰਘ ॥118॥**
**ਖ਼ਾਸਗਾਂ ਦਰ ਪਾਇ ਗੁਰ ਗੋਬਿੰਦ ਸਿੰਘ**
**ਕੁੱਦਸੀਆਂ ਬਾ ਰਾਇ ਗੁਰ ਗੋਬਿੰਦ ਸਿੰਘ ॥119॥**
**ਮੁਕਬਲਾਂ ਮਦਾੱਹਿ ਗੁਰ ਗੋਬਿੰਦ ਸਿੰਘ**
**ਜਾਨੋ ਦਿਲ ਰਾ ਰਾਹ ਗੁਰ ਗੋਬਿੰਦ ਸਿੰਘ ॥120॥**
**ਲਾ-ਮਕਾਂ ਪਾ-ਬੋਸ ਗੁਰ ਗੋਬਿੰਦ ਸਿੰਘ**
**ਬਰ ਦੋ ਆਲਮ ਕੋਸਿ ਗੁਰ ਗੋਬਿੰਦ ਸਿੰਘ ॥121॥**
**ਸੁਲਸ ਹਮ ਮਹਿਕੂਮ ਗੁਰ ਗੋਬਿੰਦ ਸਿੰਘ**
**ਰੁੱਬਅ ਹਮ ਮਖ਼ਤੂਮਿ ਗੁਰ ਗੋਬਿੰਦ ਸਿੰਘ ॥122॥**
**ਸੁਦਸ ਹਲਕਾ ਬਗੋਸ਼ਿ ਗੁਰ ਗੋਬਿੰਦ ਸਿੰਘ**
**ਦੁਸ਼ਮਨ-ਅਫ਼ਗਾਨ ਜੋਸ਼ ਗੁਰ ਗੋਬਿੰਦ ਸਿੰਘ ॥123॥**
**ਖ਼ਾਲਿਸੋ ਬੇ-ਕੀਨਾ ਗੁਰ ਗੋਬਿੰਦ ਸਿੰਘ**
**ਹੱਕ ਹੱਕ ਆਈਨਾ ਗੁਰ ਗੋਬਿੰਦ ਸਿੰਘ ॥124॥**
**ਹੱਕ ਹੱਕ ਅੰਦੇਸ਼ ਗੁਰ ਗੋਬਿੰਦ ਸਿੰਘ**
**ਬਾਦਸ਼ਾਹ ਦਰਵੇਸ਼ ਗੁਰ ਗੋਬਿੰਦ ਸਿੰਘ ॥125॥**
**ਕਾਦਿਰਿ ਹਰ ਕਾਰ ਗੁਰ ਗੋਬਿੰਦ ਸਿੰਘ**
**ਬੇ-ਕਸਾਂ ਰਾ ਯਾਰ ਗੁਰ ਗੋਬਿੰਦ ਸਿੰਘ ॥136॥**

ਗੁਰੂ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਮੁਸਲਮਾਨ ਕਵੀਆਂ ਨੇ ਵੀ ਬਿਆਨ ਕੀਤਾ। ਮਿਰਜ਼ਾ ਅੱਲਾ ਯਾਰ ਖਾਂ ਜੋਗੀ ਦੇ ਇਹ ਕਥਨ ਉਨ੍ਹਾਂ ਦੀ ਲੋਕਾਈ ਹਿਤ ਕੀਤੀ ਕੁਰਬਾਨੀ ਨੂੰ ਸੂਖ਼ਮ ਪੱਧਰ ’ਤੇ ਪ੍ਰਸਤੁਤ ਕਰਦੇ ਹਨ:

**ਰੂਹ ਫੂੰਕ ਦੀ ‘ਗੋਬਿੰਦ’ ਨੇ ਔਲਾਦ ਕਟਾ ਕਰ ।**
**ਇਨਸਾਫ ਕਰੇ ਜੀ ਮੇਂ, ਜ਼ਮਾਨਾਂ ਤੋਂ ਯਕੀਂ ਹੈ।**
**ਕਹਿ ਦੇ ਗੁਰੂ ਗੋਬਿੰਦ ਸਿੰਘ ਕਾ ਸਾਨੀ ਹੀ ਨਹੀਂ ਹੈ।**
**ਯਿਹ ਪਿਆਰ ਮੁਰੀਦੋਂ ਸੇ ਯਿਹ ਸ਼ਫ਼ਕਤ ਭੀ ਕਹੀਂ ਹੈ?**
**ਭਗਤੀ ਮੇਂ ਗੁਰੂ ਅਰਸ਼ ਹੈ ਸੰਸਾਰ ਜ਼ਮੀਂ ਹੈ**

# ਫਰਨਾਮਾ - ਇਕ ਆਦਰਸ਼ਕ ਵਿਜੇ - ਪੱਤਰ

**ਸ. ਸੁਖਦੇਵ ਸਿੰਘ ਸ਼ਾਂਤ**

'ਜ਼ਫ਼ਰਨਾਮਾ' ਸ਼ਬਦ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦੇ ਅਰਥ ਹਨ ਫਤਿਹ ਦਾ ਖ਼ਤ ਜਾਂ ਵਿਜੇ-ਪੱਤਰ। ਇਹ ਪੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਲਵੇ ਦੇ ਪਿੰਡ ਦੀਨੇ-ਕਾਂਗੜ ਵਿਚ ਬੈਠ ਕੇ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਲਿਖਿਆ ਸੀ। ਇਹ ਵਿਜੇ-ਪੱਤਰ ਫ਼ਾਰਸੀ ਭਾਸ਼ਾ ਵਿਚ ਛੰਦਾ-ਬੰਦੀ ਦੇ ਰੂਪ ਵਿਚ ਹੈ ਅਤੇ ਇਸ ਦੇ 111 ਸ਼ਿਅਰ ਹਨ। ਗੁਰੂ ਜੀ ਨੇ ਇਹ ਪੱਤਰ ਲਿਖ ਕੇ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੇ ਹੱਥ ਔਰੰਗਜ਼ੇਬ ਬਾਦਸ਼ਾਹ ਤਕ ਪਹੁੰਚਾਉਣ ਲਈ ਭੇਜਿਆ ਸੀ। ਉਸ ਸਮੇਂ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੂੰ ਛੱਡ ਚੁੱਕੇ ਸਨ ਅਤੇ ਚਮਕੌਰ ਸਾਹਿਬ ਦੀ ਭਿਆਨਕ ਜੰਗ ਵੀ ਹੋ ਚੁੱਕੀ ਸੀ। ਇਹ ਪੱਤਰ ਲਿਖਣ ਤਕ ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਬੜੀ ਵੀਰਤਾ ਨਾਲ ਸ਼ਹੀਦੀ ਪਾ ਚੁੱਕੇ ਸਨ। ਚਮਕੌਰ ਸਾਹਿਬ ਦੀ ਜੰਗ ਵਿਚ ਭੁੱਖਣ-ਭਾਣੇ ਸਿੱਖਾਂ ਵਿੱਚੋਂ ਬਹੁਤੇ ਸਿੱਖ ਸ਼ਹਾਦਤਾਂ ਦਾ ਜਾਮ ਪੀ ਚੁੱਕੇ ਸਨ। ਖਾਲਸਾਈ ਫੌਜਾਂ ਖਿੰਡ ਚੁੱਕੀਆਂ ਸਨ ਅਤੇ ਔਰੰਗਜ਼ੇਬ ਬਾਦਸ਼ਾਹ ਦੀਆਂ ਅਣਗਿਣਤ ਫੌਜਾਂ ਸਾਰੇ ਹਿੰਦੁਸਤਾਨ ਨੂੰ ਘੇਰ ਕੇ ਆਪਣੇ ਪ੍ਰਭਾਵ ਹੇਠ ਲੈ ਚੁੱਕੀਆਂ ਸਨ। ਅਜਿਹੀ ਸਥਿਤੀ ਵਿਚ ਗੁਰੂ ਜੀ ਵੱਲੋਂ ਔਰੰਗਜ਼ੇਬ ਬਾਦਸ਼ਾਹ ਨੂੰ ਸੱਚੀਆਂ-ਸੱਚੀਆਂ ਅਤੇ ਖਰੀਆਂ-ਖਰੀਆਂ ਗੱਲਾਂ ਨਾਲ ਭਰਿਆ ਵਿਜੇ-ਪੱਤਰ ਲਿਖਿਆ ਜਾਣਾ ਆਪ ਜੀ ਦੀ ਚੜ੍ਹਦੀ ਕਲਾ ਦਾ ਉਤਮ ਪ੍ਰਮਾਣ ਹੈ। ਪ੍ਰੋ. ਪਿਆਰਾ ਸਿੰਘ ਪਦਮ ਜੀ ਨੇ ਆਪਣੀ ਪੁਸਤਕ 'ਜ਼ਫ਼ਰਨਾਮਾ ਤੇ ਪੰਜ ਹੋਰ ਨਾਮੇ' ਦੇ ਅਰੰਭ ਵਿਚ 'ਦੋ ਸ਼ਬਦ' ਲਿਖਦਿਆਂ 'ਜ਼ਫ਼ਰਨਾਮਾ' ਬਾਰੇ ਲਿਖਿਆ ਹੈ : 'ਜ਼ਫ਼ਰਨਾਮਾ ਚੜ੍ਹਦੀ ਕਲਾ ਦਾ ਸਿਖਰ ਹੈ। ਇਹ ਸ਼ੇਰ ਦੀ ਉਹ ਭਬਕ ਹੈ ਜੋ ਖ਼ੁਦਾ-ਪ੍ਰਸਤੀ, ਖ਼ੁਦਦਾਰੀ ਤੇ ਈਮਾਨਦਾਰੀ ਦਾ ਸਬਕ ਦਿੰਦੀ ਹੈ।' ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਵੱਲੋਂ ਸਾਲ 2008 ਵਿਚ ਪੰਜਵੀਂ ਵਾਰ ਛਾਪੀ ਗਈ ਪੁਸਤਕ ਦੇ ਮੁੱਖ ਸਰਵਰਕ 'ਤੇ ਸ਼ੇਰ ਦਾ ਚਿੱਤਰ ਅਤੇ ਜਿਲਦ ਦੇ ਪਿਛਲੇ ਪੰਨੇ 'ਤੇ ਪਛਤਾਵੇ ਦੀ ਅੱਗ ਵਿਚ ਸੜ ਰਹੇ ਦੁਖੀ ਔਰੰਗਜ਼ੇਬ ਬਾਦਸ਼ਾਹ ਦਾ ਚਿੱਤਰ ਹੈ। ਇਹ ਦੋਵੇਂ ਚਿੱਤਰ 'ਜ਼ਫ਼ਰਨਾਮਾ' ਵਿਚਲੇ ਜਿੱਤ ਦੇ ਜੈਕਾਰੇ ਨੂੰ ਅਤੇ ਚੜ੍ਹਦੀ ਕਲਾ ਦੀ ਗੂੰਜ ਨੂੰ ਪ੍ਰਗਟਾਉਂਦੇ ਨਜ਼ਰ ਆਉਂਦੇ ਹਨ।

**'ਜ਼ਫ਼ਰਨਾਮਾ'** ਇਤਿਹਾਸ ਦਾ ਸੋਮਾ, ਸਿਧਾਂਤ ਦਾ ਸੂਰਜ ਅਤੇ ਸਾਹਿਤ ਦਾ ਚੰਦਰਮਾ ਹੈ। ਇਤਿਹਾਸਿਕ ਪੱਖੋਂ ਇਹ ਪੱਤਰ ਤੱਥਾਂ ਨਾਲ ਭਰਪੂਰ ਭਰੋਸੇਯੋਗ ਹਵਾਲਾ-ਸ੍ਰੋਤ ਹੈ। ਸਿਧਾਂਤਕ ਪੱਖੋਂ ਗੁਰਮਤਿ ਦੇ ਸਿਧਾਂਤਾਂ ਨੂੰ ਦ੍ਰਿੜ੍ਹ ਕਰਵਾਉਣ ਵਾਲੀ ਇਕ ਪਵਿੱਤਰ ਰਚਨਾ ਹੈ। ਪੇਸ਼ਕਾਰੀ ਪੱਖੋਂ ਇਹ ਇਕ ਉਚਤਮ ਦਰਜੇ ਦੀ ਸਾਹਿਤਕ ਰਚਨਾ ਦਾ ਨਮੂਨਾ ਹੈ। ਇਸ ਤਰ੍ਹਾਂ 'ਜ਼ਫ਼ਰਨਾਮਾ' ਇਕ ਆਦਰਸ਼ਕ ਵਿਜੇ-ਪੱਤਰ ਦੇ ਰੂਪ ਵਿਚ ਸਾਡੇ ਲਈ ਇਕ ਅਨਮੋਲ ਖ਼ਜ਼ਾਨਾ ਹੈ।

(ੳ) **ਇਤਿਹਾਸਿਕ ਪੱਖ** : ਅਕਾਲ ਪੁਰਖ ਦੀ ਉਸਤਤ ਵਿਚ ਰਚੇ ਪਹਿਲੇ 12 ਸ਼ਿਅਰਾਂ ਤੋਂ ਬਾਅਦ ਗੁਰੂ ਜੀ 'ਦਾਸਤਾਨ' ਸਿਰਲੇਖ ਹੇਠ ਰਚੇ ਸ਼ਿਅਰਾਂ ਵਿਚ ਆਪਣੀ ਗੱਲ ਔਰੰਗਜ਼ੇਬ ਤਕ ਤੱਥਾਂ ਦਾ ਬਿਆਨ ਕਰਦੇ ਹੋਏ ਪਹੁੰਚਾਉਂਦੇ ਹਨ। ਇਹ ਤੱਥ ਇਤਿਹਾਸ ਦੇ ਪੱਖੋਂ ਬੜੇ ਅਹਿਮ ਹਨ ਅਤੇ ਇਤਿਹਾਸ ਦੇ ਜਗਿਆਸੂਆਂ ਲਈ ਭਰੋਸੇਯੋਗ ਸ੍ਰੋਤ ਦਾ ਕੰਮ ਕਰਦੇ ਹਨ। ਚਮਕੌਰ ਸਾਹਿਬ ਦੀ ਜੰਗ ਸਮੇਂ ਗੁਰੂ ਸਾਹਿਬ ਨੇ 19ਵੇਂ ਅਤੇ 41ਵੇਂ ਸ਼ਿਅਰ ਵਿਚ 'ਚਿਹਰ ਨਰ' ਅਤੇ 'ਚਿਹਲ ਤਨ' ਕਹਿ ਕੇ ਚਾਲੀ ਭੁੱਖਣ-ਭਾਣੇ ਸਿੱਖਾਂ ਦਾ ਜ਼ਿਕਰ ਕੀਤਾ ਹੈ ਅਤੇ ਇਹ ਵੀ ਲਿਖਿਆ ਹੈ ਕਿ ਇਨ੍ਹਾਂ ਸਿੱਖਾਂ ਦੀ ਇਕੱਲੀ ਸੂਰਮਤਾਈ ਕੀ ਕਰ ਸਕਦੀ ਸੀ ਜਦੋਂ ਅਣਗਿਣਤ ਭੀੜ ਜਾਂ ਬੇਸ਼ੁਮਾਰ ਟਿੱਡੀ-ਦਲ ਧਾਵਾ ਬੋਲ ਦੇਵੇ। ਜ਼ਫ਼ਰਨਾਮਾ ਦੇ 36 ਤੋਂ ਲੈ ਕੇ 41 ਤਕ ਸ਼ਿਅਰ ਚਮਕੌਰ ਸਾਹਿਬ ਦੀ ਜੰਗ ਦਾ ਵਰਣਨ ਕਰਦੇ ਹਨ। ਇਸ ਜੰਗ ਵਿਚ ਤੀਰਾਂ, ਬੰਦੂਕਾਂ ਅਤੇ ਬਰਛਿਆਂ ਨਾਲ ਲੜਾਈ ਹੁੰਦੀ ਦਰਸਾਈ ਗਈ ਹੈ। ਧਰਤੀ ਲਹੂ ਨਾਲ ਲਾਲ ਹੁੰਦੀ ਅਤੇ ਲਾਸ਼ਾਂ ਦੇ ਢੇਰ ਲੱਗਦੇ ਦੱਸੇ ਗਏ ਹਨ। ਇਸ ਜੰਗ ਵਿਚ ਗੁਰੂ ਜੀ ਮਲੇਰਕੋਟਲੇ ਵਾਲੇ ਨਵਾਬ ਦੇ ਭਰਾ ਨਾਹਰ ਖਾਂ ਦਾ ਵੀ ਜ਼ਿਕਰ ਕਰਦੇ ਹਨ। ਇਹ ਸ਼ਿਅਰ ਇਸ ਤਰ੍ਹਾਂ ਹੈ:

**ਚੁ ਦੀਦਮ ਕਿ ਨਾਹਰ ਬਿਆਮਦ ਬ ਜੰਗ।**
**ਚਸ਼ੀਦਮ ਯਕੇ ਤੀਰ ਤਨਿ ਬੇਦਰੰਗ।29।**

ਭਾਵ ਜਦੋਂ ਮੈਂ ਨਾਹਰ ਖਾਂ ਨੂੰ ਜੰਗ ਵਿਚ ਆਇਆ ਤੱਕਿਆ ਤਾਂ ਉਸ ਨੇ ਫੌਰਨ ਮੇਰੇ ਤੀਰ ਦਾ ਸੁਆਦ ਚੱਖਿਆ, ਭਾਵ ਮਾਰਿਆ ਗਿਆ। ਇਸ ਤੋਂ ਬਾਅਦ ਹੜ੍ਹ ਵਾਂਗ ਤੇਜ਼ੀ ਨਾਲ ਆਏ ਇਕ ਹੋਰ ਪਠਾਣ ਦਾ ਵੀ ਗੁਰੂ ਜੀ ਨੇ ਜ਼ਿਕਰ ਕੀਤਾ ਹੈ ਜੋ ਬਹਾਦਰੀ ਨਾਲ ਲੜਿਆ ਅਤੇ ਦੋ ਜਣਿਆਂ ਨੂੰ ਮਾਰ ਕੇ ਆਪਣੀ ਜਾਨ ਦੇ ਗਿਆ। ਇਸ ਜੰਗ ਦੇ ਵਰਣਨ ਵਿਚ ਗੁਰੂ ਜੀ ਇਕ ਹੋਰ ਤੱਥ ਸਾਡੇ ਸਾਹਮਣੇ ਰੱਖਦੇ ਹਨ ਉਹ ਇਸ ਸ਼ਿਅਰ ਰਾਹੀਂ ਬਿਆਨ ਕੀਤਾ ਗਿਆ ਹੈ:

**ਕਿ ਆਂ ਖ਼੍ਵਾਜਹ ਮਰਦੂਦ ਜ਼ਿ ਸਾਯਹ ਦੀਵਾਰ।**
**ਬ ਮੈਦਾਂ ਨਿਆਮਦ ਬ ਮਰਦਾਨਹ ਵਾਰ।34।**

ਪਰ ਇਸ ਫੌਜ ਦਾ ਬੁਜ਼ਦਿਲ ਸਰਦਾਰ ਗੜ੍ਹੀ ਦੀ ਦੀਵਾਰ ਦੇ ਓਹਲੇ ਹੀ ਰਿਹਾ, ਬਹਾਦਰਾਂ ਵਾਂਗ ਮੈਦਾਨ ਵਿਚ ਸਾਹਮਣੇ ਨਾ ਆਇਆ। ਗੁਰੂ ਜੀ ਨੇ ਅਗਲੇ ਸ਼ਿਅਰ ਵਿਚ ਇੱਛਾ ਪ੍ਰਗਟਾਈ ਹੈ ਕਿ ਜੇ ਕਿਤੇ ਉਹ ਨਜ਼ਰ ਆ ਜਾਂਦਾ ਤਾਂ ਇਕ ਤੀਰ ਉਸ ਨੂੰ ਜ਼ਰੂਰ ਬਖ਼ਸ਼ ਦਿੰਦੇ। ਗੜ੍ਹੀ ਦੀ ਦੀਵਾਰ ਦਾ ਜ਼ਿਕਰ 27ਵੇਂ ਸ਼ਿਅਰ ਵਿਚ ਵੀ ਆਉਂਦਾ ਹੈ ਅਤੇ 28ਵੇਂ ਸ਼ਿਅਰ ਵਿਚ ਵੀ। ਜੰਗ ਦੀ ਉਹ ਰਾਤ ਕਿਉਂਕਿ ਮੱਘਰ ਸੁਦੀ ਤ੍ਰੌਦਸੀ ਦੀ ਰਾਤ ਸੀ ਇਸ ਲਈ ਚਾਨਣੀ ਰਾਤ ਹੋਣ ਦਾ ਜ਼ਿਕਰ ਗੁਰੂ ਸਾਹਿਬ ਜੀ ਨੇ 42ਵੇਂ ਸ਼ਿਅਰ ਵਿਚ ਇਸ ਤਰ੍ਹਾਂ ਕੀਤਾ ਹੈ:

**ਚਰਾਗ਼ਿ ਜਹਾਂ ਚੂੰ ਸ਼ੁਦਹ ਬੁਰਕਾ ਪੋਸ਼।**
**ਸ਼ਹਿ ਸ਼ਬ ਬਰਾਮਦ ਹਮਾ ਜਲਵਹ ਜੋਸ਼।42।**

ਭਾਵ ਜਦੋਂ ਦੁਨੀਆ ਦੇ ਦੀਵੇ (ਸੂਰਜ) ਨੇ ਮੂੰਹ ਢੱਕ ਲਿਆ ਤਾਂ ਰਾਤ

ਦਾ ਰਾਜਾ ਚੰਦਰਮਾ ਪੂਰੀ ਸੱਜ-ਧੱਜ ਨਾਲ ਆਇਆ। ਔਰੰਗਜ਼ੇਬ ਬਾਦਸ਼ਾਹ ਦੇ ਬਖਸ਼ੀ ਅਤੇ ਦੀਵਾਨ (ਫੌਜੀ ਅਤੇ ਗੈਰ ਫੌਜੀ) ਅਧਿਕਾਰੀਆਂ ਵੱਲੋਂ ਹਮਲਾ ਨਾ ਕਰਨ ਬਾਰੇ ਕੀਤੇ ਗਏ ਵਾਅਦਿਆਂ ਨੂੰ ਤੋੜਨ ਸਬੰਧੀ ਅਤੇ ਉਨ੍ਹਾਂ ਦੇ ਝੂਠੇ ਹੋਣ ਸਬੰਧੀ 'ਜ਼ਫ਼ਰਨਾਮਾ' ਵਿਚ ਬੜੇ ਸਪਸ਼ਟ ਰੂਪ ਵਿਚ ਲਿਖਿਆ ਗਿਆ ਹੈ। ਔਰੰਗਜ਼ੇਬ ਨੂੰ ਵੀ ਕਸਮਾਂ ਤੋੜਨ ਵਾਲਾ ਦੱਸਿਆ ਗਿਆ ਹੈ। ਇਹ ਸਭ ਕੁਝ ਇਸ ਕਰਕੇ ਲਿਖਿਆ ਗਿਆ ਹੈ, ਕਿਉਂਕਿ ਔਰੰਗਜ਼ੇਬ ਵੱਲੋਂ ਪਵਿੱਤਰ ਕੁਰਾਨ ਦੀ ਜਿਲਦ 'ਤੇ ਕਸਮਨਾਮਾ ਲਿਖ ਕੇ ਸਰਕਾਰੀ ਪੇਸ਼ਕਸ਼ ਗੁਰੂ ਜੀ ਨੂੰ ਮੁਲਾਕਾਤ ਲਈ ਭੇਜੀ ਗਈ ਸੀ। ਪਰ ਬਾਅਦ ਵਿਚ ਇਸ ਕਸਮਨਾਮੇ ਨੂੰ ਤੋੜਦੇ ਹੋਏ ਧੋਖੇ ਅਤੇ ਫਰੇਬ ਨਾਲ ਮੁਗ਼ਲ ਫੌਜਾਂ ਨੇ ਗੁਰੂ ਜੀ ਤੇ ਉਨ੍ਹਾਂ ਦੇ ਸਿੱਖਾਂ ਉਪਰ ਅਚਨਚੇਤ ਹੱਲਾ ਬੋਲ ਦਿੱਤਾ। ਗੁਰੂ ਜੀ ਨੇ ਇਸੇ ਕਰਕੇ ਔਰੰਗਜ਼ੇਬ ਨੂੰ ਵੀ ਲਿਖਿਆ:

**ਨ ਈਮਾਂ ਪਰਸਤੀ ਨ ਅਉਜ਼ਾੱਇ ਦੀਂ**
**ਨ ਸਾਹਿਬ ਸ਼ਨਾਸੀ ਨ ਮੁਹੱਮਦ ਯਕੀਂ ।46।**

**ਅਰਥ :** ਔਰੰਗਜ਼ੇਬ ! ਨਾ ਤੂੰ ਧਰਮ ਈਮਾਨ ਉਤੇ ਕਾਇਮ ਹੈਂ ਤੇ ਨਾ ਹੀ ਦੀਨ ਦੀ ਸ਼ਰ੍ਹਾ ਉਤੇ। ਤੈਨੂੰ ਨਾ ਮਾਲਕ ਦੀ ਪਛਾਣ ਹੈ ਤੇ ਨਾ ਹੀ ਹਜ਼ਰਤ ਮੁਹੰਮਦ ਸਾਹਿਬ ਉਤੇ ਤੇਰਾ ਭਰੋਸਾ ਹੈ।

ਦਸਮੇਸ਼ ਪਿਤਾ ਜੀ ਆਪਣੇ ਇਸ ਵਿਜੇ-ਪੱਤਰ ਵਿਚ ਔਰੰਗਜ਼ੇਬ ਬਾਦਸ਼ਾਹ ਨੂੰ ਗਰੀਬਾਂ ਨੂੰ ਸਤਾਉਣ ਵਾਲਾ, ਜ਼ੁਲਮ ਕਰਨ ਵਾਲਾ ਅਤੇ ਅਜੀਬੋ-ਗਰੀਬ ਫ਼ਤਵੇ (ਸ਼ਰ੍ਹਈ ਹੁਕਮ) ਜਾਰੀ ਕਰਨ ਵਾਲਾ ਵੀ ਦੱਸਦੇ ਹਨ। ਆਪ ਜੀ ਲਿਖਦੇ ਹਨ:

**ਕਿ ਅੱਜਬ ਅਸਤੁ ਅੱਸਬ ਫ਼ਤੁਵਾ ਸ਼ੁਮਾ**
**ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜਯਾਂ ।68।**

ਭਾਵ ਤੇਰੇ (ਔਰੰਗਜ਼ੇਬ ਦੇ) ਅਜੀਬੋ-ਗਰੀਬ ਸ਼ਰ੍ਹਈ ਹੁਕਮਾਂ (ਫ਼ਤਵਿਆਂ) ਉਤੇ ਵੀ ਹੈਰਾਨੀ ਹੈ। ਸੱਚਾਈ ਤੋਂ ਬਿਨਾਂ ਹੋਰ ਗੱਲ ਕਰਨ ਵਿਚ ਹਾਨੀ ਹੀ ਹਾਨੀ ਹੈ। 85ਵੇਂ ਸ਼ਿਅਰ ਵਿਚ ਦਿਲ-ਖ਼ਰਾਸ਼ ਭਾਵ ਦਿਲ ਦੁਖਾਉਣ ਵਾਲੇ ਕੰਮਾਂ ਦਾ ਜ਼ਿਕਰ ਹੈ, ਜਿਹੜੇ ਔਰੰਗਜ਼ੇਬ ਦੇ ਹੱਥੋਂ ਹੋਏ ਹਨ। ਔਰੰਗਜ਼ੇਬ ਨੂੰ ਸਿੱਧੇ ਤੌਰ 'ਤੇ ਸਮਝਾਉਂਦੇ ਹੋਏ ਕਿਹਾ ਹੈ:

**ਤੂ ਗਰ ਜਬਰ ਆੱਜਿਜ਼ ਖ਼ਰਾਸ਼ੀ ਮਕੁਨ।**
**ਕਸਮ ਰਾ ਬ ਤੇਸ਼ਹ ਤਰਾਸ਼ੀ ਮਕੁਨ ।109।**

ਭਾਵ ਜੇ ਤੂੰ ਜ਼ੋਰ ਜਬਰ ਵਾਲਾ ਹੈਂ ਤਾਂ ਤੂੰ ਗਰੀਬਾਂ ਨੂੰ ਨਾ ਸਤਾ ਤੇ ਆਪਣੀ ਪਵਿੱਤਰ ਕੁਰਾਨ ਦੀ ਖਾਧੀ ਕਸਮ ਨੂੰ ਤੇਸੇ ਨਾਲ ਨਾ ਛਿੱਲ, ਭਾਵ ਬਚਨ ਭੰਗ ਨਾ ਕਰ। ਔਰੰਗਜ਼ੇਬ ਦਾ ਵੱਡਾ ਲੜਕਾ ਮੁਅੱਜ਼ਮ (ਬਹਾਦਰ ਸ਼ਾਹ) ਗੁਰੂ ਜੀ ਪ੍ਰਤੀ ਬੜੀ ਨੇਕ-ਭਾਵਨਾ ਰੱਖਦਾ ਸੀ। ਨੇਕ-ਦਿਲ ਇਨਸਾਨ ਹੋਣ ਕਰ ਕੇ ਉਹ ਜ਼ਾਲਮ ਨਹੀਂ ਸੀ। ਗੁਰੂ ਜੀ 'ਜ਼ਫ਼ਰਨਾਮਾ' ਵਿਚ ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਜੇਕਰ ਮੁਅੱਜ਼ਮ (ਸ਼ਾਹ) ਉਨ੍ਹਾਂ ਨੂੰ ਸੱਦੇਗਾ ਤਾਂ ਉਹ ਜ਼ਰੂਰ ਜਾਣਗੇ। ਇਤਿਹਾਸਿਕ ਪੱਖੋਂ ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਗੁਰੂ ਸਾਹਿਬ ਬੜੀ ਵਿਸ਼ਾਲ ਦਿਲੀ ਨਾਲ ਔਰੰਗਜ਼ੇਬ ਦੇ ਗੁਣਾਂ ਦਾ ਵੀ ਜ਼ਿਕਰ ਕਰਦੇ ਹਨ। ਆਪ ਜੀ ਔਰੰਗਜ਼ੇਬ ਨੂੰ ਹੱਥ ਦਾ ਫੁਰਤੀਲਾ, ਸ਼ਾਹ-ਸਵਾਰ, ਸੁੰਦਰ, ਹਾਕਮਾਂ ਦਾ ਮੋਹਰੀ ਸਰਦਾਰ, ਦੇਗ ਤੇਗ ਦਾ ਧਨੀ, ਦੁਨੀਆ ਦਾ ਸ਼ਹਿਨਸ਼ਾਹ, ਬਲਵਾਨ, ਉਚੀ ਸ਼ਾਨ ਵਾਲਾ ਅਤੇ ਦੌਲਤਾਂ ਦੇਣ ਜੋਗਾ ਦੱਸਦੇ ਹਨ। ਪਰ ਇਸ ਸਾਰੇ ਕੁਝ ਦੇ ਬਾਵਜੂਦ ਉਸ ਦੇ ਮੂੰਹ 'ਤੇ ਉਸ ਨੂੰ ਗੁਰੂ ਜੀ ਕਹਿੰਦੇ ਹਨ:

**ਸ਼ਹਨਸ਼ਾਹ ਅਉਰੰਗਜ਼ੇਬ ਆੱਲਮੀਨ**
**ਕਿ ਦਾਰਾਇ ਦੌਰ ਅਸਤ ਦੂਰ ਅਸਤ ।94।**

ਅਰਥ : ਹੇ ਔਰੰਗਜ਼ੇਬ ! ਭਾਵੇਂ ਤੂੰ ਦੁਨੀਆਂ ਦਾ ਤਾਂ ਸ਼ਹਿਨਸ਼ਾਹ ਹੈਂ, ਸਮੇਂ ਦਾ ਹਾਕਮ ਵੀ ਹੈਂ, ਪਰ ਸੱਚੇ ਧਰਮ ਤੋਂ ਦੂਰ ਹੀ ਹੈਂ। ਦਸਮੇਸ਼ ਪਿਤਾ ਜੀ ਦੀ ਚੜ੍ਹਦੀ ਕਲਾ ਸਬੰਧੀ ਇਕ ਹੋਰ ਤੱਥ ਇਹ ਵੀ ਹੈ ਕਿ ਆਪ ਜੀ ਚਾਰੇ ਸਾਹਿਬਜ਼ਾਦਿਆਂਦ ੀਸ਼ ਹਾਦਤਹ ੋਜ ਾਣਦ ੇਬ ਾਵਜੂਦਅ ੌਰੰਗਜ਼ੇਬਨੂੰ ਲਲਕਾਰਦੇ ਹਨ:

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।**
**ਕਿ ਬਾਕੀ ਬਿਮਾਂਦਾ ਸਤ ਪੇਚੀਦਹ ਮਾਰ ।78।**

**ਭਾਵ**, ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ ਅਜੇ ਤਾਂ ਕੁੰਡਲੀਆਂ ਨਾਗ (ਭੁਝੰਗੀ ਖਾਲਸਾ) ਬਾਕੀ ਹੈ।

**'ਜ਼ਫ਼ਰਨਾਮਾ'** ਵਿਚ ਚਮਕੌਰ ਸਾਹਿਬ ਦੀ ਜੰਗ ਬਾਰੇ ਤੱਥ-ਭਰਪੂਰ ਵਰਣਨ, ਔਰੰਗਜ਼ੇਬ ਵੱਲੋਂ ਲਿਖਤੀ ਇਕਰਾਰਨਾਮਾ (ਕਸਮਨਾਮਾ) ਭੇਜਣ ਦਾ ਜ਼ਿਕਰ, ਬਾਦਸ਼ਾਹ ਅਤੇ ਉਸ ਦੇ ਅਮਲੇ ਵੱਲੋਂ ਕਸਮਨਾਮਾ ਤੋੜ ਕੇ ਹਮਲਾ ਕਰਨ ਦਾ ਵਰਣਨ, ਔਰੰਗਜ਼ੇਬ ਵੱਲੋਂ ਗਰੀਬਾਂ ਨੂੰ ਸਤਾਉਣ ਅਤੇ ਲੋਕਾਂ ਨੂੰ ਦੁਖੀ ਕਰਨ ਵਾਲੇ ਫ਼ਤਵੇ ਜਾਰੀ ਕਰਨ ਦਾ ਜ਼ਿਕਰ, ਮੁਅੱਜ਼ਮ (ਬਹਾਦਰ ਸ਼ਾਹ) ਨਾਲ ਸੁਖਾਵੇਂ ਸੰਬੰਧ ਦਾ ਜ਼ਿਕਰ ਅਤੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਿਆਨ ਅਜਿਹੇ ਠੋਸ ਇਤਿਹਾਸਿਕ ਤੱਥ ਹਨ, ਜਿਨ੍ਹਾਂ ਸਦਕਾ 'ਜ਼ਫ਼ਰਨਾਮਾ' ਇਕ ਇਤਿਹਾਸਿਕ ਹਵਾਲਾ-ਸ੍ਰੋਤ ਦਾ ਮੁਕਾਮ ਹਾਸਲ ਕਰਦਾ ਹੈ।

**(ਅ) ਸਿਧਾਂਤਕ ਪੱਖ :** ਆਮ ਤੌਰ 'ਤੇ ਬਾਦਸ਼ਾਹਾਂ ਨੂੰ ਪੱਤਰ ਲਿਖਦੇ ਸਮੇਂ ਪਹਿਲਾਂ ਉਨ੍ਹਾਂ ਦੀ ਵਡਿਆਈ ਕੀਤੀ ਜਾਂਦੀ ਹੈ ਅਤੇ ਫਿਰ ਆਪਣੀ ਗੱਲ ਕਹੀ ਜਾਂਦੀ ਹੈ। ਆਪਣੀ ਗੱਲ ਕਹਿੰਦੇ ਹੋਏ ਵੀ ਲਿਖਣ ਵਾਲਾ ਚਾਪਲੂਸੀ ਭਰੇ ਸ਼ਬਦ ਵਰਤਦਾ ਹੈ। 'ਜ਼ਫ਼ਰਨਾਮਾ' ਵਿਚ ਅਕਾਲ ਪੁਰਖ ਦੀ ਸਿਫ਼ਤ ਸਲਾਹ ਹੈ ਕਿਉਂਕਿ ਇੱਥੇ ਲਿਖਣ ਵਾਲੇ ਅਦੁੱਤੀ ਅਤੇ ਰੂਹਾਨੀ ਸ਼ਖ਼ਸੀਅਤ ਹਨ। ਇਸ ਵਿਜੇ-ਪੱਤਰ ਨੂੰ ਸ਼ੁਰੂ ਕਰਨ ਵੇਲੇ 'ੴ ਵਾਹਿਗੁਰੂ ਜੀ ਕੀ ਫ਼ਤਹ' ਦਰਜ ਕਰ ਕੇ ਇਸ ਪੱਤਰ ਦਾ ਗੁਰੂ ਜੀ ਵੱਲੋਂ ਅਰੰਭ ਕੀਤਾ ਗਿਆ ਹੈ। ਪਹਿਲੇ 12 ਸ਼ਿਅਰਾਂ ਵਿਚ ਅਕਾਲ ਪੁਰਖ ਦੀ ਵਡਿਆਈ ਕੀਤੀ ਗਈ ਹੈ। ਕਿਉਂਕਿ ਅਕਾਲ ਪੁਰਖ 'ਸ਼ਹਿਨ ਸ਼ਾਹਿ' (ਰਾਜਿਆਂ ਦਾ ਰਾਜਾ) ਹੈ, ਇਸ ਲਈ ਔਰੰਗਜ਼ੇਬ ਵਰਗੇ ਦੁਨਿਆਵੀ ਬਾਦਸ਼ਾਹ ਉਸ ਦੇ ਅੱਗੇ ਤੁੱਛ ਹਨ। ਅਕਾਲ ਪੁਰਖ ਸਰਬ ਸ਼ਕਤੀਮਾਨ, ਅਟੱਲ, ਅਡੋਲ, ਬਖਸ਼ੰਦ, ਅਨੰਦ-ਦਾਤਾ, ਅੰਨ-ਦਾਤਾ ਤੇ ਬੰਦੀ-ਛੋੜ ਕਿਰਪਾਲੂ ਹੈ। ਉਸ ਨੂੰ ਦਿਲ-ਪਜ਼ੀਰ (ਦਿਲ ਨੂੰ ਮੋਹਣ ਵਾਲਾ), ਸ਼ਰੀਅਤ ਪ੍ਰਸਤੋ (ਧਰਮ-ਪਾਲਕ), ਅਤਾਬਖਸ਼ (ਦਾਤਾਂ ਦੇਣ ਵਾਲਾ), ਰੋਜ਼ੀ ਦਿਹੋ ਹਰ ਦਯਾਰ (ਰੁਜ਼ਗਾਰ ਦੇਣ ਵਾਲਾ), ਹੁਸਨੁਲਜਮਾਲ (ਅਤਿ ਸੁੰਦਰ), ਗਰੀਬੁਲਪ੍ਰਸਤੋ (ਗਰੀਬਾਂ ਦਾ ਰਾਖਾ) ਗ਼ਨੀਮੁਲ ਗੁਦਾਜ਼ (ਦੋਖੀਆਂ ਦੁਸ਼ਮਣਾਂ ਦਾ ਖੈ ਕਰਨ ਵਾਲਾ), ਰਹੀਮ (ਰਹਿਮ ਵਾਲਾ), ਸਾਹਿਬਿ ਸ਼ਊਰਸਤ (ਪਰਮ ਬੁੱਧੀ ਦਾ ਮਾਲਕ) ਆਦਿ ਜ਼ਫ਼ਰਨਾਮਾ ਵਿਚ ਦਰਸਾਇਆ ਗਿਆ ਹੈ। ਉਹ ਅਕਾਲ ਪੁਰਖ 'ਬੇਗੂਨੋ ਬੇਚੂਨ ਹੂੰ ਬੇਨਮੂੰ' ਹੈ। ਭਾਵ ਉਹ ਰੰਗ-ਰੂਪ ਤੋਂ ਰਹਿਤ ਅਤੇ ਲਾਮਿਸਾਲ ਹੈ। ਅਕਾਲ ਪੁਰਖ ਦੀ ਵਡਿਆਈ ਕਰਦੇ ਹੋਏ ਗੁਰੂ ਸਾਹਿਬ ਫੁਰਮਾਉਂਦੇ ਹਨ:

**ਕਿ ਸਾਹਿਬ ਦਿਆਰੱਸਤੁ ਅੱਜ਼ਿਮ ਅੱਜ਼ੀਮ।**

**ਕਿ ਹੁਸਨੁਲ-ਜਮਾਲੱਸਤੁ ਰਾਜ਼ਿਕ ਰਹੀਮ।7।**

ਭਾਵ ਉਹ ਪਰਮਾਤਮਾ ਦੇਸ਼ਾਂ-ਦੇਸ਼ਾਂ ਦਾ ਵਾਲੀ ਤੇ ਵੱਡਿਆਂ ਤੋਂ ਵੱਡਾ ਹੈ।ਉਹ ਸਭ ਤੋਂ ਸੁੰਦਰ, ਰਿਜ਼ਕ ਦਾਤਾ ਤੇ ਰਹਿਮਤਾਂ ਕਰਨ ਵਾਲਾ ਹੈ।

ਸ਼ਿਅਰ 71 ਤੋਂ ਲੈ ਕੇ 75 ਤਕ ਗੁਰੂ ਸਾਹਿਬ ਬਾਦਸ਼ਾਹ ਨੂੰ ਫਿਰ ਅਕਾਲ ਪੁਰਖ ਦੀ ਵਡਿਆਈ ਦੇ ਗੁਣ ਸਮਝਾਉਂਦੇ ਹਨ। ਅਕਾਲ ਪੁਰਖ ਅਰਸ਼-ਫਰਸ਼ ਦਾ ਵਾਲੀ ਅਤੇ ਜੀਅ-ਜੰਤ ਦੀ ਰਚਨਾ ਕਰਨ ਵਾਲਾ ਦੱਸਿਆ ਗਿਆ ਹੈ। ਬਾਦਸ਼ਾਹ ਨੂੰ ਸਮਝਾਇਆ ਹੈ ਕਿ ਵਾਹਿਗੁਰੂ ਕੀੜੀ ਤੋਂ ਲੈ ਕੇ ਹਾਥੀ ਤਕ ਦੀ ਪਾਲਣਾ ਕਰਦਾ ਹੈ ਅਤੇ ਉਹ ਗਰੀਬ-ਨਿਵਾਜ਼ ਹੈ। ਸ਼ਿਅਰ 97 ਤੋਂ ਲੈ ਕੇ 106 ਤਕ ਗੁਰੂ ਜੀ ਨੇ ਅਕਾਲ ਪੁਰਖ ਦੀ ਓਟ ਲੈਣ ਦੀ ਮਹਿਮਾ ਦੱਸੀ ਹੈ। ਇਹ ਮਹਿਮਾ ਬਿਆਨ ਕਰਨ ਦਾ ਮਕਸਦ ਔਰੰਗਜ਼ੇਬ ਨੂੰ ਸਿੱਧੇ ਰਸਤੇ ਪਾਉਣਾ ਹੈ।

ਗੁਰੂ ਸਾਹਿਬ ਦੀ ਬਾਣੀ 'ਜਾਪੁ ਸਾਹਿਬ' ਵਿਚ ਅਕਾਲ ਪੁਰਖ ਲਈ ਜੋ ਵਿਸ਼ੇਸ਼ਣ ਵਰਤੇ ਗਏ ਹਨ ਉਨ੍ਹਾਂ ਵਿੱਚੋਂ ਬਹੁਤ ਸਾਰੇ 'ਜ਼ਫ਼ਰਨਾਮਾ' ਵਿਚ ਵੀ ਦਰਜ ਹਨ। 'ਜਾਪੁ ਸਾਹਿਬ' ਵਿਚ ਵੀ ਅਕਾਲ ਪੁਰਖ ਨੂੰ 'ਨਮੋ ਸ਼ਾਹ ਸ਼ਾਹੇ', ਰੋਜ਼ੀ ਦਿਹਿੰਦ, ਰਾਜ਼ਕ ਰਹਿੰਦ, ਹੁਸਨਲ ਜਮਾਲ, ਗਰੀਬੁਲ ਪਰਸਤੈ, ਗ਼ਨੀਮੁਲ ਸ਼ਿਕਸਤੈ, ਨਮਸਤੰ ਰਹੀਮੇ ਅਤੇ ਸਾਹਿਬ ਦਿਮਾਗ ਕਿਹਾ ਗਿਆ ਹੈ। ਨਿਤਨੇਮ ਦੀ ਬਾਣੀ 'ਜਾਪੁ ਸਾਹਿਬ' ਵਿਚ ਦਰਜ ਹੈ:

**ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥**

**'ਜ਼ਫ਼ਰਨਾਮਾ'** ਦੇ 5ਵੇਂ ਸ਼ਿਅਰ ਵਿਚ 'ਹਾਜ਼ਰ ਹਜ਼ੂਰ' ਅਤੇ ਦਸਵੇਂ ਸ਼ਿਅਰ ਵਿਚ 'ਜ਼ਾਹਿਰ ਜ਼ਹੂਰ' ਵਿਸ਼ੇਸ਼ਣ ਪਰਮਾਤਮਾ ਲਈ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਉਪਰੋਕਤ ਸਾਰੇ ਗੁਣ ਅਤੇ ਮਿਲਦੇ-ਜੁਲਦੇ ਵਿਸ਼ੇਸ਼ਣ ਅਕਾਲ ਪੁਰਖ ਦੀ ਮਹਿਮਾ ਕਰਨ ਲਈ ਦੱਸੇ ਹੋਏ ਹਨ। ਇਉਂ ਸਿਧਾਂਤਕ ਪੱਖ ਤੋਂ ਅਕਾਲ ਪੁਰਖ ਦੇ ਗੁਣਾਂ ਦਾ ਬਿਆਨ, ਅਕਾਲ ਪੁਰਖ ਦਾ ਆਸਰਾ ਲੈਣਾ ਅਤੇ ਸਭ ਕੁਝ ਅਕਾਲ ਪੁਰਖ ਦੇ ਵੱਸ ਵਿਚ ਸਮਝਣਾ **'ਜ਼ਫ਼ਰਨਾਮਾ'** ਨੂੰ ਗੁਰਮਤਿ ਫ਼ਲਸਫ਼ੇ ਨਾਲ ਭਰਪੂਰ ਬਣਾਉਂਦਾ ਹੈ।

ਦੂਜਾ ਸਿਧਾਂਤਕ ਨੁਕਤਾ **'ਜ਼ਫ਼ਰਨਾਮਾ'** ਵਿਚ ਇਹ ਲਿਆ ਗਿਆ ਹੈ ਕਿ ਦੁਨਿਆਵੀ ਬਾਦਸ਼ਾਹੀ ਸਦੀਵੀ ਨਹੀਂ ਹੈ। ਇਹ ਜਗਤ ਚਾਰ ਦਿਨਾਂ ਦੀ ਚਾਨਣੀ ਹੈ। ਕਾਲ-ਚੱਕਰ ਨੇ ਇਕ ਦਿਨ ਸਭ ਨੂੰ ਖਤਮ ਕਰ ਦੇਣਾ ਹੈ। ਗੁਰਮਤਿ ਅਨੁਸਾਰੀ ਦੁਨਿਆਵੀ ਤਾਕਤ, ਧਨ, ਰੂਪ, ਜੋਬਨ ਆਦਿ ਸਦਾ ਰਹਿਣ ਵਾਲੇ ਨਹੀਂ ਹਨ, ਇਸ ਲਈ ਮਨੁੱਖ ਨੂੰ ਸੱਚਾਈ, ਧਰਮ ਅਤੇ ਨੇਕੀ ਦੇ ਰਸਤੇ 'ਤੇ ਚੱਲਣਾ ਚਾਹੀਦਾ ਹੈ। 'ਜ਼ਫ਼ਰਨਾਮਾ' ਵਿਚ ਇਸ ਦੁਨੀਆ ਨੂੰ ਸਰਾਂ ਦੱਸਦੇ ਹੋਏ ਔਰੰਗਜ਼ੇਬ ਨੂੰ ਸਮਝਾਇਆ ਗਿਆ ਹੈ ਕਿ ਉਹ ਹਕੀਕਤ ਤੋਂ ਗਾਫ਼ਲ ਨਾ ਹੋਵੇ। ਗੁਰੂ ਜੀ ਨੇ ਫ਼ੁਰਮਾਇਆ ਹੈ:

**ਤੂ ਗਾਫ਼ਿਲ ਮਸ਼ਉ ਜੀ ਸਿਪੰਜੀ ਸਰਾਇ।**

**ਕਿ ਆੱਲਮ ਬਿਗੁਜ਼ਰਦ ਸਰੇ ਜਾ ਬਜਾਇ।107।**

**ਅਰਥ**: ਤੂੰ ਇਸ ਹਕੀਕਤ ਤੋਂ ਗ਼ਾਫ਼ਲ ਨਾ ਹੋ ਕਿ ਇਹ ਦੁਨੀਆ ਦੋ ਚਾਰ ਦਿਨਾਂ ਦੀ ਸਰਾਂ ਹੈ, ਇਹ ਜਗਤ ਥਾਉਂ-ਥਾਈਂ ਚੱਲਦਾ ਜਾ ਰਿਹਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਨੇਕੀ ਅਤੇ ਸੱਚਾਈ ਦੇ ਰਸਤੇ 'ਤੇ ਚੱਲਣ ਲਈ ਪ੍ਰੇਰਿਆ ਹੈ। ਉਸ ਨੂੰ ਦੱਸਿਆ ਹੈ ਕਿ ਉਸ ਦੀ ਇਹ ਦੁਨਿਆਵੀ ਬਾਦਸ਼ਾਹਤ ਸਦੀਵੀ ਨਹੀਂ ਹੈ।

ਤੀਜਾ ਸਿਧਾਂਤਕ ਨੁਕਤਾ ਹੈ, ਬਚਨਾਂ ਦਾ ਪੱਕਾ ਹੋਣਾ। ਕਿਉਂਕਿ ਔਰੰਗਜ਼ੇਬ ਅਤੇ ਉਸ ਦੇ ਅਧਿਕਾਰੀਆਂ ਨੇ ਆਪਣੇ ਕੀਤੇ ਬਚਨਾਂ ਅਤੇ ਵਾਅਦਿਆਂ ਨੂੰ ਤੋੜਿਆ ਹੈ ਇਸ ਲਈ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਉਹ ਭਰੋਸੇਯੋਗ ਨਹੀਂ ਹਨ ਅਤੇ ਨਾ ਹੀ ਉਹ ਸੱਚੇ ਸੂਰਮੇ ਹਨ। 'ਜ਼ਫ਼ਰਨਾਮਾ' ਦਾ ਇਹ ਸ਼ਿਅਰ ਇਸ ਸਿਧਾਂਤ ਦੇ ਪੱਖੋਂ ਬਹੁਤ ਹੀ ਪ੍ਰਸਿੱਧ ਹੈ ਕਿ ਮਰਦ ਨੂੰ ਆਪਣੇ ਬਚਨਾਂ ਦਾ ਪੱਕਾ ਹੋਣਾ ਚਾਹੀਦਾ ਹੈ। ਆਪ ਜੀ ਲਿਖਦੇ ਹਨ:

**ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ।**

**ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।55।**

ਭਾਵ ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਤੇ ਮੂੰਹ ਵਿਚ ਕੁਝ ਹੋਰ ਹੋਵੇ।

ਚੌਥਾ ਨੁਕਤਾ ਹੈ ਗੁਰੂ ਸਾਹਿਬ ਜੀ ਦੇ ਯੁੱਧ ਸਬੰਧੀ ਵਿਚਾਰਾਂ ਦਾ। ਗੁਰੂ ਜੀ 'ਜ਼ਫ਼ਰਨਾਮਾ' ਵਿਚ ਇਹ ਗੱਲ ਔਰੰਗਜ਼ੇਬ ਨੂੰ ਸਪਸ਼ਟ ਕਰ ਕੇ ਦੱਸਦੇ ਹਨ ਕਿ ਉਨ੍ਹਾਂ ਨੂੰ ਜੰਗ ਵਿਚ ਆਉਣ ਲਈ ਮਜਬੂਰ ਕੀਤਾ ਗਿਆ ਹੈ। ਜਦੋਂ ਚਾਲੀ ਭੁੱਖਣ-ਭਾਣੇ ਸਿੱਖਾਂ ਤੇ ਅਣਗਿਣਤ ਮੁਗ਼ਲ ਫੌਜ ਨੇ ਆਪਣੀਆਂ ਕਸਮਾਂ ਭੁੱਲ ਕੇ ਹੱਲਾ ਬੋਲ ਦਿੱਤਾ ਅਤੇ ਤੇਗਾਂ, ਤੀਰ ਤੇ ਬੰਦੂਕਾਂ ਦੇ ਵਾਰ ਸ਼ੁਰੂ ਕਰ ਦਿੱਤੇ ਤਾਂ ਮਜਬੂਰ ਹੋ ਕੇ ਗੁਰੂ ਜੀ ਨੂੰ ਵੀ ਜੰਗ ਵਿਚ ਆਉਣਾ ਪਿਆ। ਆਪ ਜੀ ਫ਼ੁਰਮਾਉਂਦੇ ਹਨ:

**ਬ ਲਾਚਾਰਗੀ ਦਰਮਿਆਂ ਆਮਦਮ।**

**ਬ ਤਦਬੀਰਿ ਤੀਰੋ ਤੁਫ਼ੰਗ ਆਮਦਮ।21।**

ਭਾਵ ਮਜਬੂਰ ਹੋ ਕੇ ਮੈਂ ਵੀ ਸੰਗਰਾਮ ਵਿਚ ਆਇਆ ਅਤੇ ਤੀਰ-ਤੁਫੰਗ ਦੀ ਵਿਧੀ ਵਰਤੀ। ਅਗਲੇ ਸ਼ਿਅਰ ਵਿਚ ਗੁਰੂ ਜੀ ਸਪਸ਼ਟ ਕਰਦੇ ਹਨ:

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।**

**ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।22।**

ਭਾਵ ਜਦੋਂ ਕੋਈ ਕੰਮ ਸਭ ਉਪਾਵਾਂ ਤੋਂ ਲੰਘ ਜਾਵੇ ਤਾਂ ਉਸ ਸਮੇਂ ਤੇਗ ਦੀ ਮੁੱਠ ਉਤੇ ਹੱਥ ਰੱਖਣਾ ਜਾਇਜ਼ ਹੀ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੈ ਕਿ ਉਹ ਜਬਰ ਦੇ ਵਿਰੁੱਧ ਜੰਗ ਵਿਚ ਆਉਣ ਲਈ ਮਜਬੂਰ ਹੋਏ ਹਨ ਅਤੇ ਜੰਗ ਨੂੰ ਠੀਕ ਨਹੀਂ ਮੰਨਦੇ। ਜੰਗ ਗੁਰੂ ਜੀ ਦਾ ਸ਼ੌਂਕ ਨਹੀਂ ਹੈ ਅਤੇ ਨਾ ਹੀ ਉਹ ਕਿਸੇ ਦੁਨਿਆਵੀ ਰਾਜ ਦੇ ਇੱਛੁਕ ਹਨ। ਗੁਰੂ ਜੀ ਦਾ ਜੀਵਨ-ਮਨੋਰਥ ਧਰਮ ਅਤੇ ਸੱਚਾਈ ਹੈ। ਉਹ ਔਰੰਗਜ਼ੇਬ ਨੂੰ ਵੀ ਇਸ ਰਸਤੇ 'ਤੇ ਤੋਰਨਾ ਚਾਹੁੰਦੇ ਹਨ। ਇਹ ਉਨ੍ਹਾਂ ਦਾ ਔਰੰਗਜ਼ੇਬ 'ਤੇ ਇਕ ਵੱਡਾ ਉਪਕਾਰ ਹੈ।

ਉਪਰੋਕਤ ਚਾਰੇ ਸਿਧਾਂਤਕ ਨੁਕਤਿਆਂ ਤੋਂ ਇਹ ਭਲੀ-ਭਾਂਤ ਪ੍ਰਗਟ ਹੋ ਜਾਂਦਾ ਹੈ ਕਿ 'ਜ਼ਫ਼ਰਨਾਮਾ' ਆਪਣੇ ਮੂਲ ਰੂਪ ਵਿਚ ਅਧਿਆਤਮਵਾਦ ਨਾਲ, ਧਰਮ ਨਾਲ ਅਤੇ ਸੱਚਾਈ ਨਾਲ ਭਰਪੂਰ ਹੈ। ਇਸ ਦਾ ਕੇਂਦਰੀ ਨੁਕਤਾਅ ਕਾਲਪ_ਰਖਹ ੈਅ ਤੇੰ ਇਸਦ ਾਕ ੇਂਦਰੀਅ ਾਸ਼ਾਅ ੌਰੰਗਜ਼ੇਬ ਬਾਦਸ਼ਾਹ ਨੂੰ ਅਕਾਲ ਪੁਰਖ ਦੇ ਰਸਤੇ ਵੱਲ ਤੋਰਨਾ ਹੈ।

**(ੲ) ਸਾਹਿਤਕ ਪੱਖ** : ਜਿੱਥੇ 'ਜ਼ਫ਼ਰਨਾਮਾ' ਇਤਿਹਾਸਿਕ ਪੱਖ ਤੋਂ ਮੂਲ ਸੋਮਾ ਬਣਦਾ ਹੈ, ਸਿਧਾਂਤਕ ਪੱਖ ਤੋਂ ਗੁਰਮਤਿ ਫ਼ਲਸਫ਼ੇ ਨਾਲ ਭਰਪੂਰ ਹੈ, ਉਥੇ ਇਸ ਦੀ ਪੇਸ਼ਕਾਰੀ ਸਾਹਿਤਕ ਪੱਖ ਤੋਂ ਬਹੁਤ ਹੀ ਅਮੀਰ ਹੈ। ਫ਼ਾਰਸੀ

ਭਾਸ਼ਾ ਵਿਚ ਸ਼ਿਅਰਾਂ ਦੇ ਰੂਪ ਵਿਚ ਇਸ ਵਿਜੇ-ਪੱਤਰ ਦੀ ਰਚਨਾ ਕਰ ਕੇ ਗੁਰੂ ਸਾਹਿਬ ਜੀ ਨੇ ਆਪਣੀ ਉਤਮ ਕਾਵਿਕ-ਸ਼ੈਲੀ ਦੀ ਲਾਮਿਸਾਲ ਵੰਨਗੀ ਪੇਸ਼ ਕੀਤੀ ਹੈ। ਇਸ ਵਿਜੇ-ਪੱਤਰ ਦਾ ਪਹਿਲਾ ਸ਼ਿਅਰ ਵਰਣ ਮੈਤ੍ਰੀ ਦੇ ਢੰਗ ਨਾਲ ਭਰਪੂਰ ਸ਼ਾਨਦਾਰ ਅਨੁਪ੍ਰਾਸ ਅਲੰਕਾਰ ਦੇ ਭੇਦ ਛੇਕਾਨੁਪ੍ਰਾਸ ਅਲੰਕਾਰ ਦੀ ਮਿਸਾਲ ਹੈ।

ਪਹਿਲੀ ਤੁਕ ਦੇ ਸਾਰੇ ਪਦਾਂ ਦਾ ਅਰੰਭ ਅੱਖਰ 'ਕ' ਅਤੇ ਦੂਜੀ ਤੁਕ ਦੇ ਸਾਰੇ ਪਦਾਂ ਦਾ ਅਰੰਭ ਅੱਖਰ 'ਰ' ਨਾ; ਕਰ ਕੇ ਖ਼ੂਬਸੂਰਤ ਅਨੁਪ੍ਰਾਸ ਅਲੰਕਾਰ ਦਾ ਨਮੂਨਾ ਪੇਸ਼ ਕੀਤਾ ਗਿਆ ਹੈ:

**ਕਮਾਲਿ ਕਰਾਮਾਤ ਕਾਯਮ ਕਰੀਮ।**
**ਰਜਾ ਬਖ਼ਸ਼ੋ ਰਾਜ਼ਿਕ ਰਹਾਕੋ ਰਹੀਮ।1।**

ਇਸੇ ਤਰ੍ਹਾਂ ਪੰਜਵੇਂ ਸ਼ਿਅਰ ਦੀ ਪਹਿਲੀ ਤੁਕ ਵਿਚ ਇਹੀ ਅਲੰਕਾਰ ਵਰਤਿਆ ਗਿਆ ਹੈ:

**ਜਹਾਂ ਪਾਕ ਜ਼ਬਰੱਸਤ ਜ਼ਾਹਿਰ ਜ਼ੁਹੂਰ**

ਚਮਕੌਰ ਸਾਹਿਬ ਦੀ ਜੰਗ ਸਮੇਂ ਧਰਤੀ ਲਹੂ ਨਾਲ ਪੋਸਤ ਦੇ ਫੁੱਲਾਂ ਵਾਂਗੂੰ ਲਾਲ ਹੋ ਗਈ। ਇਹ ਇਕ ਉਪਮਾ ਅਲੰਕਾਰ ਹੈ। ਪੋਸਤ ਦੇ ਫੁੱਲਾਂ ਦਾ ਪ੍ਰਤੀਕ ਵਰਤ ਕੇ ਜੰਗ ਵਿਚ ਡੁੱਲ੍ਹੇ ਖ਼ੂਨ ਦੇ ਰੰਗ ਨਾਲ ਇਸ ਦੀ ਤੁਲਨਾ ਕੀਤੀ ਗਈ ਹੈ। ਮਰੇ ਹੋਏ ਬੰਦਿਆਂ ਦੀਆਂ ਲਾਸ਼ਾਂ ਦੀ ਤੁਲਨਾ ਖਿੱਦੋ-ਖੂੰਡੀਆਂ ਨਾਲ ਕੀਤੀ ਗਈ ਹੈ। ਮੁਗ਼ਲ ਲਸ਼ਕਰ ਦੀ ਤਸ਼ਬੀਹ ਲਈ ਡੂੰਮਣੇ ਮਖਿਆਲ ਦਾ ਪ੍ਰਤੀਕ ਵਰਤਿਆ ਗਿਆ ਹੈ।

ਗੁਰੂ ਸਾਹਿਬ ਨੇ 'ਹੁਮਾ' ਨਾਂਅ ਦੇ ਪੰਛੀ ਅਤੇ ਚਲਾਕ 'ਕਾਂ' ਦੇ ਰੂਪਕ ਵਰਤ ਕੇ ਦੱਸਿਆ ਹੈ ਕਿ ਜਿਹੜਾ ਵਿਅਕਤੀ ਅਕਾਲ ਪੁਰਖ ਦੇ ਸਾਏ ਹੇਠ ਆ ਜਾਂਦਾ ਹੈ ਉਸ ਦਾ ਚਲਾਕ ਕਾਂ ਕੁਝ ਨਹੀਂ ਵਿਗਾੜ ਸਕਦਾ। ਹੁਮਾ ਨਾਂ ਦਾ ਪੰਛੀ ਅਜਿਹਾ ਪੰਛੀ ਦੱਸਿਆ ਗਿਆ ਹੈ ਕਿ ਜਿਹੜਾ ਇਸ ਦੇ ਪਰਛਾਵੇਂ ਹੇਠ ਆ ਜਾਂਦਾ ਹੈ ਉਸ ਦਾ ਬਾਦਸ਼ਾਹ ਬਣਨਾ ਨਿਸ਼ਚਿਤ ਹੁੰਦਾ ਹੈ। ਇਹ ਸ਼ਿਅਰ ਬਹੁਤ ਹੀ ਖ਼ੂਬਸੂਰਤ ਹੈ:

**ਹੁਮਾਂ ਰਾ ਕਸੇ ਸਾਯਹ ਆਯਦ ਬਜ਼ੇਰ।**
**ਬਰੋ ਦਸਤ ਦਾਰਦ ਨ ਜ਼ਾਗੇ ਦਲੇਰ।16।**

ਇਸੇ ਤਰ੍ਹਾਂ ਸ਼ੇਰ ਦਾ ਰੂਪਕ ਵਰਤ ਕੇ ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਜਿਹੜਾ ਵਿਅਕਤੀ ਨਰ ਸ਼ੇਰ ਦੀ ਸ਼ਰਣ ਲੈਂਦਾ ਹੈ ਬੱਕਰੀ, ਭੇਡ ਅਤੇ ਹਿਰਨ ਆਦਿ ਉਸ ਦੇ ਲਾਗੇ ਵੀ ਨਹੀਂ ਲੰਘ ਸਕਦੇ। ਆਪ ਜੀ ਫ਼ੁਰਮਾਉਂਦੇ ਹਨ:

**ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰਿ ਨਰ**
**ਨ ਗੀਰਦ ਬੁਜ਼ੋ ਮੇਸ਼ ਆਹੂ ਗੁਜ਼ਰ।17।**

ਇਨ੍ਹਾਂ ਸ਼ਿਅਰਾਂ ਦਾ ਰੂਪਕ ਅਲੰਕਾਰ ਰਾਹੀਂ ਸੰਦੇਸ਼ ਇਹ ਹੈ ਕਿ ਵੱਡਾ ਆਸਰਾ ਭਾਵ ਅਕਾਲ ਪੁਰਖ ਦਾ ਆਸਰਾ ਲੈਣ ਨਾਲ ਮਨੁੱਖ ਨਿਆਸਰਾ ਨਹੀਂ ਰਹਿੰਦਾ ਅਤੇ ਉਸ ਨੂੰ ਛੋਟੇ-ਮੋਟੇ ਖ਼ਤਰੇ ਕੁਝ ਨਹੀਂ ਕਹਿੰਦੇ।

ਇਸੇ ਤਰ੍ਹਾਂ 'ਜ਼ਫ਼ਰਨਾਮਾ' ਵਿਚ ਕਪਟ ਨੂੰ ਪ੍ਰਗਟਾਉਣ ਲਈ ਲੂੰਬੜ-ਨੀਤੀ ਦਾ ਵਰਣਨ ਕੀਤਾ ਗਿਆ ਹੈ। ਸੂਰਜ ਦੀ ਉਪਮਾ ਦੁਨੀਆ ਦਾ ਦੀਵਾ ਕਹਿ ਕੇ ਅਤੇ ਚੰਦਰਮਾ ਦੀ ਉਪਮਾ ਰਾਤ ਦਾ ਰਾਜਾ ਕਹਿ ਕੇ ਕੀਤੀ ਗਈ ਹੈ। ਖ਼ੂਬਸੂਰਤ ਸ਼ਿਅਰ ਰਾਹੀਂ 'ਚਰਾਗੇ ਜਹਾਂ' ਅਤੇ 'ਸ਼ਹੇ ਸ਼ਬ' ਸ਼ਬਦ ਵਰਤੇ ਗਏ ਹਨ:

**ਚਰਾਗ਼ਿ ਜਹਾਂ ਚੂੰ ਸ਼ੁਦਹ ਬੁਰਕਾੱ ਪੋਸ਼।**
**ਸ਼ਹਿ ਸ਼ਬ ਬਰਾਮਦ ਹਮਾ ਜਲਵਹ ਜੋਸ਼।42।**

ਦਸਮੇਸ਼ ਪਿਤਾ ਜੀ ਕਲਮ ਦੇ ਧਨੀ ਸਨ, ਸਾਹਿਤ ਦੇ ਸਰਪ੍ਰਸਤ ਸਨ ਅਤੇ ਵਿਦਵਤਾ ਦੇ ਕਦਰਦਾਨ ਸਨ। ਆਪ ਜੀ ਨੇ ਫ਼ਿਰਦੌਸੀ ਅਤੇ ਸ਼ੇਖ਼ ਸਾਅਦੀ ਜਿਹੇ ਮਹਾਨ ਫ਼ਾਰਸੀ ਸ਼ਾਇਰਾਂ ਦੀਆਂ ਰਚਨਾਵਾਂ ਵੀ ਪੜ੍ਹੀਆਂ ਹੋਈਆਂ ਸਨ। ਫ਼ਿਰਦੌਸੀ ਦੇ ਹਵਾਲੇ ਨਾਲ ਗੁਰੂ ਸਾਹਿਬ ਨੇ ਹੇਠ ਲਿਖੇ ਸ਼ਿਅਰ ਦੀ ਰਚਨਾ ਕੀਤੀ ਹੈ:

**ਚਿਹ ਖੁਸ਼ ਗੁਫ਼ਤ ਫ਼ਿਰਦੌਸੀਏ ਖ਼ੁਸ਼ ਜ਼ਬਾਂ**
**ਸ਼ਿਤਾਬੀ ਬਵਦ ਕਾਰਿ ਆਹਰਮਨਾਂ।80।**

ਭਾਵ ਮਨੋਹਰ ਬੋਲਾਂ ਚਾਲੇ ਫ਼ਿਰਦੌਸੀ ਸ਼ਾਇਰ ਨੇ ਕਿਆ ਸੋਹਣਾ ਕਿਹਾ ਹੈ ਕਿ ਕਾਹਲੀ ਕਰਨਾ ਸ਼ੈਤਾਨਾਂ ਦਾ ਕੰਮ ਹੈ।

ਗੁਰੂ ਸਾਹਿਬ ਨੇ ਆਪਣੇ ਸ਼ਿਅਰਾਂ ਵਿਚ ਸ਼ਬਦ ਅਲੰਕਾਰਾਂ ਅਤੇ ਅਰਥ ਅਲੰਕਾਰਾਂ ਦੋਹਾਂ ਦੀ ਥਾਂ-ਥਾਂ ਵਰਤੋਂ ਕੀਤੀ ਹੈ। ਜੰਗ ਦੇ ਦ੍ਰਿਸ਼ ਦਾ ਵਰਣਨ ਦ੍ਰਿਸ਼ਟਾਂਤਾਂ ਨਾਲ ਕੀਤਾ ਗਿਆ ਹੈ। ਖ਼ੂਬਸੂਰਤ ਕਾਵਿ-ਚਿੱਤਰ ਬਣਦੇ ਹਨ ਜਦੋਂ ਗੁਰੂ ਜੀ ਜੰਗ ਦਾ ਨਕਸ਼ਾ ਖਿੱਚਦੇ ਹਨ। ਜੰਗ ਦਾ ਵਰਣਨ ਕਰਦਿਆਂ ਗੁਰੂ ਜੀ ਨੇ ਆਪਣੇ ਸ਼ਿਅਰਾਂ ਵਿਚ ਬੰਦੂਕਾਂ, ਤੀਰਾਂ ਅਤੇ ਤੇਗਾਂ ਦੇ ਵਾਰਾਂ ਦਾ ਜ਼ਿਕਰ ਅਤੇ ਹਮਲਿਆਂ ਦਾ ਜ਼ਿਕਰ ਪੂਰਾ ਬੀਰ-ਰਸ ਭਰ ਕੇ ਕੀਤਾ ਹੈ। ਗੁਰੂ ਜੀ ਵੱਲੋਂ ਔਰੰਗਜ਼ੇਬ ਨੂੰ ਸਿੱਧੀਆਂ ਕਹੀਆਂ ਗੱਲਾਂ ਵਿਚ ਵੀ ਬੀਰ-ਰਸ ਦੀ ਪ੍ਰਧਾਨਤਾ ਹੈ। ਹੁਮਾਂ ਅਤੇ ਸ਼ੇਰ ਦੇ ਪ੍ਰਤੀਕ ਵਰਤ ਕੇ ਗੁਰੂ ਜੀ ਨੇ ਉਚਾਈ ਅਤੇ ਬਹਾਦਰੀ ਦੀ ਗੱਲ ਕੀਤੀ ਹੈ। ਇਸ ਤਰ੍ਹਾਂ ਸ਼ਿਅਰਾਂ ਵਿਚ ਬੀਰ-ਰਸ ਦਾ ਅਨੰਦ ਮਾਨਣ ਨੂੰ ਮਿਲਦਾ ਹੈ। ਅਕਾਲ ਪੁਰਖ ਦੇ ਗੁਣਾਂ ਦਾ ਵਰਣਨ ਕਰਦਿਆਂ ਵੀ ਗੁਰੂ ਸਾਹਿਬ ਨੇ ਅਧਿਆਤਮਿਕ ਵੀਰਤਾ ਦੀ ਗੱਲ ਨੂੰ ਮੁੱਖ ਰੱਖਿਆ ਹੈ। ਦੁਸ਼ਮਣਾਂ ਦੋਖੀਆਂ ਦਾ ਖੈ ਕਰਨ ਵਾਲਾ ਗੁਣ ਪਰਮਾਤਮਾ ਦਾ ਬੀਰ-ਰਸੀ ਗੁਣ ਹੈ। ਬੀਰ ਰਸ ਨਾਲ ਭਰੇ ਹੋਏ ਇਸ ਸ਼ਿਅਰ ਨੂੰ ਦੇਖੋ:

**ਦਿਗਰ ਸ਼ੋਰਸ਼ੇ ਕੈਬਰਿ ਕੀਨਹਕੋਸ਼**
**ਜ਼ਿ ਮਰਦਾਨਹ ਮਰਦਾਂ ਬਿਰੂੰ ਰਫ਼ਤ ਹੋਸ਼।40।**

ਭਾਵ ਇਸ ਪਿੱਛੋਂ ਕੀਨਾਖ਼ੋਰ ਜਾਬਰ ਬਰਛਿਆਂ ਨੇ ਐਸੀ ਗੜਬੜ ਮਚਾ ਦਿੱਤੀ ਕਿ ਵੱਡੇ-ਵੱਡੇ ਸੂਰਮਿਆਂ ਦੀ ਮੱਤ ਮਾਰੀ ਗਈ।

ਗੁਰੂ ਸਾਹਿਬ ਜੀ ਨੇ ਸ਼ਿਅਰਾਂ ਦੀ ਬੰਦਸ਼ ਬੜੀ ਚੁਸਤ ਹੈ। ਰਵਾਨੀ ਅਤੇ ਲੈਅ ਕਮਾਲ ਦੀ ਹੈ। ਅਧਿਆਤਮਿਕ ਰੰਗਣ ਅਤੇ ਬੀਰ-ਰਸੀ ਰੰਗਣ ਨੇ ਸ਼ਿਅਰਾਂ ਵਿਚ ਖ਼ੂਬਸੂਰਤੀ ਭਰੀ ਹੈ। ਸ਼ਿਅਰਾਂ ਦੀਆਂ ਬਹੁਤ ਸਾਰੀਆਂ ਤੁਕਾਂ ਦਾ ਅਰੰਭ 'ਕਿ', 'ਚਿ' ਅਤੇ 'ਨ' ਸ਼ਬਦ ਨਾਲ ਕਰ ਕੇ ਕਮਾਲ ਦੀ ਪ੍ਰਗੀਤਕ ਧੁਨ ਪੈਦਾ ਕੀਤੀ ਹੈ। ਸੱਚਮੁੱਚ ਗੁਰੂ ਜੀ ਫ਼ਾਰਸੀ ਜ਼ੁਬਾਨ 'ਤੇ ਪੂਰੀ ਪਕੜ ਰੱਖਦੇ ਹਨ ਅਤੇ ਕਾਵਿ-ਸ਼ੈਲੀ ਉਨ੍ਹਾਂ ਕੋਲ ਅਗੰਮੀ ਅਤੇ ਰੂਹਾਨੀ ਹੈ। ਲੈਅ ਭਰੇ ਬਹਿਰ ਵਿਚ ਸੁੰਦਰ ਛੰਦ-ਬੰਦੀ 'ਜ਼ਫ਼ਰਨਾਮਾ' ਦਾ ਸਾਹਿਤਕ ਕਮਾਲ ਹੈ। ਸਾਰੰਸ਼ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜ਼ਫ਼ਰਨਾਮਾ ਇਤਿਹਾਸਿਕ, ਸਿਧਾਂਤਕ ਅਤੇ ਸਾਹਿਤਕ ਤਿੰਨਾਂ ਪੱਖਾਂ ਤੋਂ ਹੀ ਇਕ ਵਡਮੁੱਲੀ ਰਚਨਾ ਹੈ। ਇਸ ਦਾ ਸੰਦੇਸ਼ ਅੱਜ ਦੇ ਯੁੱਗ ਵਿਚ ਵੀ ਰਾਜਸੀ ਤਾਕਤ ਵਾਲੇ ਵਿਅਕਤੀਆਂ ਨੂੰ ਸਹੀ ਰਾਹ ਦਿਖਾ ਸਕਦਾ ਹੈ। ਇਸ ਵਿਚਲੇ ਸੱਚਾਈ, ਨੇਕੀ ਅਤੇ ਧਰਮ ਦੇ ਰਸਤੇ 'ਤੇ ਚੱਲਣ ਦੇ ਉਪਦੇਸ਼ ਦੀ ਅੱਜ ਦੇ ਦੁਨਿਆਵੀ ਹਾਕਮਾਂ ਨੂੰ ਵੀ ਸਖ਼ਤ ਜ਼ਰੂਰਤ ਹੈ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਖ਼ਸੀਅਤ ਅਤੇ ਸ਼ਹਾਦਤ

**ਡਾ. ਪਰਮਵੀਰ ਸਿੰਘ**




**'ਸਾਹਿਬਜ਼ਾਦਾ'** ਫ਼ਾਰਸ਼ੀ ਭਾਸ਼ਾ ਦਾ ਸ਼ਬਦ ਹੈ ਜੋ ਬਾਦਸ਼ਾਹ ਦੇ ਪੁੱਤਰ ਜਾਂ ਰਾਜਕੁਮਾਰ ਲਈ ਵਰਤਿਆ ਜਾਂਦਾ ਸੀ। ਸਿੱਖ ਧਰਮ ਵਿਚ ਇਹ ਸ਼ਬਦ ਗੁਰੂ ਪੁੱਤਰਾਂ ਨੂੰ ਸਤਿਕਾਰ ਸਹਿਤ ਸੰਬੋਧਨ ਕਰਨ ਲਈ ਵਰਤਿਆ ਜਾਂਦਾ ਹੈ।


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਸਨ – ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ। ਇਨ੍ਹਾਂ ਚਾਰੇ ਸਾਹਿਬਜ਼ਾਦਿਆਂ ਨੇ ਆਪਣੇ ਜੀਵਨ ਵਿਚ ਅਜਿਹੇ ਕਾਰਨਾਮੇ ਕੀਤੇ ਕਿ ਇਨ੍ਹਾਂ ਨੂੰ ਸਮੇਂ ਤੇ ਸਥਾਨ ਵਿਚ ਸੰਕੁਚਿਤ ਕਰ ਕੇ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਦੇ ਕਾਰਨਾਮੇ ਦੁਨਿਆਵੀ ਇਤਿਹਾਸ ਵਿਚ ਪੈੜਾਂ ਛੱਡਦੇ ਹੋਏ ਇਨ੍ਹਾਂ ਨੂੰ ਸਦੀਵੀ ਤੌਰ 'ਤੇ ਅਮਰ ਕਰ ਗਏ। ਚਾਰੇ ਸਾਹਿਬਜ਼ਾਦਿਆਂ ਨੂੰ ਧਰਮ ਵਿਚ ਦ੍ਰਿੜ੍ਹ ਰਹਿਣ ਦੀ ਸਿੱਖਿਆ ਦਿੱਤੀ ਗਈ ਅਤੇ ਸਭਨਾਂ ਨੇ ਇਸ ਸਿੱਖਿਆ ਦਾ ਆਪੋ-ਆਪਣੇ ਤਰੀਕੇ ਨਾਲ ਦ੍ਰਿੜ੍ਹਤਾ ਪੂਰਵਕ ਪਾਲਨ ਕੀਤਾ। ਇਨ੍ਹਾਂ ਨੇ ਕਦੇ ਕਿਸੇ ਨੂੰ ਸਿੱਖਿਆਦਾਇਕ ਬਚਨ ਨਹੀਂ ਬੋਲੇ ਪਰ ਜੋ ਕਾਰਜ ਇਨ੍ਹਾਂ ਨੇ ਕੀਤੇ ਉਨ੍ਹਾਂ ਤੋਂ ਸਮੁੱਚਾ ਮਾਨਵੀ ਸਮਾਜ ਸਿੱਖਿਆ ਅਤੇ ਪ੍ਰੇਰਨਾ ਗ੍ਰਹਿਣ ਕਰਦਾ ਹੈ। ਭਾਵ ਇਨ੍ਹਾਂ ਦੀ ਕਰਨੀ ਹੀ ਕਥਨ ਦਾ ਰੂਪ ਧਾਰਨ ਕਰ ਗਈ। ਅਮਲ ਦੀ ਇਸ ਸਿੱਖਿਆ ਵਿਚ ਵੱਡੇ ਸਾਹਿਬਜ਼ਾਦਿਆਂ ਨੇ ਧਰਮ ਦੀ ਖ਼ਾਤਰ ਰਣ-ਖੇਤਰ ਵਿਚ ਜੂਝਦੇ ਹੋਏ ਸ਼ਹਾਦਤ ਪਾਈ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਧਰਮ ਪ੍ਰਤੀ ਦ੍ਰਿੜ੍ਹਤਾ ਦਿਖਾਉਂਦਿਆਂ ਸ਼ਹੀਦੀ ਦੇ ਦਿੱਤੀ, ਪਰ ਈਨ ਨਾ ਮੰਨੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸੰਘਰਸ਼ਸ਼ੀਲ ਸਮਾਜ ਦੀ ਸਿਰਜਣਾ ਕੀਤੀ ਸੀ। ਉਨ੍ਹਾਂ ਦੀ ਸਿੱਖਿਆ ਦਾ ਪ੍ਰਸਾਰ ਕਰਦੇ ਹੋਏ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਥਿਆਰਬੰਦ ਯੁੱਧ ਦੀ ਸ਼ੁਰੂਆਤ ਕੀਤੀ ਜੋ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਪ੍ਰਚੰਡ ਰੂਪ ਧਾਰਨ ਕਰ ਗਿਆ ਸੀ। ਨਿਸ਼ਚਿਤ ਤੌਰ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖਾਂ ਦੇ ਦਿਲਾਂ ਵਿਚ ਜੰਗਾਂ-ਯੁੱਧਾਂ ਲਈ ਜੂਝਣ ਦੀ ਪ੍ਰੇਰਨਾ ਅਤੇ ਇਸ ਦੇ ਅਭਿਆਸ ਵਿਚ ਤੀਬਰਤਾ ਆਈ ਸੀ। ਉਸ ਸਮੇਂ ਵਰਤੋਂ ਵਿਚ ਆ ਰਹੇ ਹਥਿਆਰ ਇਕੱਤਰ ਕੀਤੇ ਜਾਣ ਲੱਗੇ, ਅਭਿਆਸ ਲਈ ਫ਼ੌਜੀ ਖੇਡਾਂ ਕੀਤੀਆਂ ਜਾਣ ਲੱਗੀਆਂ, ਗਤਕੇ ਦੀ ਸਿੱਖਿਆ ਸਿੱਖ ਜੀਵਨਜਾਚ ਦਾ ਅੰਗ ਬਣੀ ਜਿਹੜੀ ਕਿ ਪਿੱਛੋਂ ਜਾ ਕੇ ਖ਼ਾਲਸਈ ਸ਼ਸਤਰ ਵਿੱਦਿਆ ਦਾ ਮੂਲ ਆਧਾਰ ਬਣ ਗਈ। ਸਰੀਰਕ ਬਲ ਪੈਦਾ ਕਰਨ ਲਈ ਅਖਾੜੇ ਕਾਇਮ ਕੀਤੇ ਗਏ। ਸ਼ਿਕਾਰ ਖੇਡਣ ਲਈ ਰੁਚੀ ਅਤੇ ਪ੍ਰੇਰਨਾ ਪੈਦਾ ਕੀਤੀ ਗਈ। ਨਗਾਰੇ ਨੂੰ ਸਿੱਖ ਜੀਵਨ-ਜਾਚ ਦਾ ਅੰਗ ਬਣਾ ਕੇ ਸ਼ਾਹੀ ਫ਼ੌਜੀ ਪਰੰਪਰਾਵਾਂ ਦਾ ਅਰੰਭ ਕੀਤਾ ਗਿਆ। ਅਜਿਹੇ ਮੌਕੇ ਸਾਹਿਬਜ਼ਾਦੇ ਕਿਵੇਂ ਅਲੱਗ ਰਹਿ ਸਕਦੇ ਸਨ? ਸਾਹਿਬਜ਼ਾਦਿਆਂ ਨੇ ਆਪ ਅਜਿਹੇ ਅਭਿਆਸਾਂ ਵਿਚ ਰੁਚੀ ਵਿਖਾਈ ਤਾਂ ਉਨ੍ਹਾਂ ਦੀ ਇਸ ਰੁਚੀ ਨੂੰ ਹੋਰ ਵਧੇਰੇ ਸੁਚਾਰੂ ਰੂਪ ਵਿਚ ਪ੍ਰਫੁਲਿਤ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ-ਅੰਦਾਜ਼ੀ, ਘੋੜ-ਸਵਾਰੀ ਆਦਿ ਵੱਖ-ਵੱਖ ਖੇਤਰਾਂ ਦੇ ਮਾਹਿਰ ਉਸਤਾਦਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ। ਸ. ਸ਼ਮਸ਼ੇਰ ਸਿੰਘ ਅਸ਼ੋਕ ਦੱਸਦਾ ਹੈ ਕਿ "ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ, ਜੋ ਉਸ ਸਮੇਂ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖ ਰਹੇ ਸਨ, ਨੇ 13-14 ਸਾਲ ਦੀ ਉਮਰ ਤੋਂ ਹੀ ਸ਼ਸਤ੍ਰ-ਅਸਤ੍ਰ ਚਲਾਉਣ ਵਿਚ ਮੁਹਾਰਤ ਹਾਸਿਲ ਕਰ ਲਈ ਸੀ। ਸਹਿਜੇ-ਸਹਿਜੇ ਉਹ ਗੁਰੂ-ਪਿਤਾ ਨਾਲ ਸ਼ਾਮਲ ਹੋ ਕੇ ਅਜ਼ਾਦੀ ਦੇ ਜੰਗਾਂ-ਯੁੱਧਾਂ ਵਿਚ ਪੂਰਾ-ਪੂਰਾ ਹਿੱਸਾ ਲੈਣ ਲੱਗੇ।"

1687ਇ ੀ:ਿ ਵਚਪ ੀਉਂਟਾਸ ੀਹਿਬ਼ਿ ਵਖੇਜ ਨਮੇਸ ੀਹਿਬਜ਼ਾਦਾ ਅਜੀਤ ਸਿੰਘ ਉਮਰ ਵਿਚ ਸਭ ਤੋਂ ਵੱਡੇ ਸਨ। ਫ਼ੌਜੀ ਜੰਗਾਂ-ਯੁੱਧਾਂ ਦਾ ਅਭਿਆਸ ਕਰਨ ਦੇ ਨਾਲ-ਨਾਲ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਪਾਸ ਹੋਈਆਂ ਛੋਟੀਆਂ-ਵੱਡੀਆਂ ਲੜਾਈਆਂ ਵਿਚ ਹਿੱਸਾ ਲੈਣ ਲੱਗੇ। ਸੰਮਤ 1756 ਬਿਕ੍ਰਮੀ (1699 ਈ.) ਵਿਚ "ਪੋਠੋਹਾਰ ਸੇ ਆਇ ਰਹੀ ਸਿੱਖ ਸੰਗਤ ਕੋ ਜੇਠ ਸੁਦੀ ਪੰਚਮੀ ਕੇ ਦਿਹੁੰ ਨੂਹ ਗਾਉਂ ਕੇ ਰੰਘੜਾਂ ਲੂਟ ਲੀਆ, ਸੰਗਤ ਅਨੰਦਪੁਰ ਗੁਰ ਦਰਬਾਰ ਮੇਂ ਫਰਿਆਦੀ ਹੋਈ। ਸਤਿਗੁਰਾਂ ਸਾਰੀ ਬਾਰਤਾ ਸੁਨ ਅਗਲੇ ਦਿਵਸ ਸਾਹਿਬਜ਼ਾਦਾ ਅਜੀਤ ਸਿੰਘ ਕੀ ਜਥੇਦਾਰੀ ਨੀਚੇ ਉਦੈ ਸਿੰਘ ਆਦਿ ਸੌ ਸਿੰਘਾਂ ਕੋ ਰਵਾਨਾ ਕੀਆ, ਇਨ੍ਹਾਂ ਰਮਾਂ-ਰਮੀਂ ਜਾਇ ਨੂੰਹ ਗਾਉਂ ਵਾਲੋਂ ਕੀ ਚੰਗੀ ਖੁੰਬ ਠੱਪੀ। ਇਨ ਕੇ ਆਗੂ ਕੇਸੋਰਾਮ ਰੰਘੜ ਕੋ ਪਕੜ ਅਨੰਦਪੁਰ ਮੇਂ ਲੈ ਆਂਦਾ। ਗੁਰੂ ਜੀ ਨੇ ਇਸੇ ਭੂਲ ਮਾਨਨੇ ਸੇ ਛੋਰ ਦੀਆ।"

ਇਸੇ ਤਰ੍ਹਾਂ ਹੀ ਇਕ ਹੋਰ ਲੜਾਈ ਵਿਚ ਜਦੋਂ ਪਹਾੜੀ ਰਾਜਿਆਂ ਨੇ ਇਕ ਵਾਰ ਜਮਤੁਲਾ ਗੁੱਜਰ ਦੀ ਸਹਾਇਤਾ ਨਾਲ ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ, ਤਾਂ ਗੁਰੂ ਸਾਹਿਬ ਦੀਆਂ ਲਾਡਲੀਆਂ ਫ਼ੌਜਾਂ ਨੇ ਇਸ ਦਾ ਡਟ ਕੇ ਮੁਕਾਬਲਾ ਕਰਦੇ ਹੋਏ ਜਿੱਤ ਪ੍ਰਾਪਤ ਕੀਤੀ ਅਤੇ ਜਮਤੁਲਾ ਗੁੱਜਰ ਨੂੰ ਮਾਰ ਦਿੱਤਾ। ਇਸ ਯੁੱਧ ਵਿਚ ਇਕ ਹਿੱਸੇ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਦੇ ਹੱਥ ਸੀ ਜਿਸ ਨੇ ਚਾਰ ਹਜ਼ਾਰ ਮਲਵਈ ਸਿੰਘਾਂ ਦੀ ਸਹਾਇਤਾ ਨਾਲ ਜ਼ੋਰਦਾਰ ਹਮਲਾ ਕੀਤਾ ਤਾਂ "ਪਹਾੜੀਆਂ ਦੇ ਛੱਕੇ ਛੁਡਾ ਦਿੱਤੇ, ਲਹੂ ਦੇ ਪਰਨਾਲੇ ਵਗ ਤੁਰੇ, ਲੋਥਾਂ ਦੇ ਢੇਰ ਲੱਗ ਗਏ।"

ਇਨ੍ਹਾਂ ਜੰਗਾਂ-ਯੁੱਧਾਂ ਦੇ ਅਭਿਆਸ ਨਾਲ ਸਾਹਿਬਜ਼ਾਦਾ ਅਜੀਤ ਸਿੰਘ

ਦੇ ਮਨ ਵਿਚ ਦੁਸ਼ਮਣ ਨਾਲ ਲੜਨ ਦੀ ਦ੍ਰਿੜ੍ਹਤਾ ਪੈਦਾ ਹੋਈ ਅਤੇ ਮਨ ਵਿਚ ਇਕ ਜੁਝਾਰੂ ਜਰਨੈਲ ਦੇ ਗੁਣਾਂ ਦਾ ਵਿਕਾਸ ਹੋਇਆ। ਗੁਰਬਾਣੀ ਅਧਿਐਨ ਅਤੇ ਸ਼ਸਤਰ ਵਿੱਦਿਆ ਦਾ ਅਭਿਆਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਿੱਖਾਂ ਦੀ ਜੀਵਨ-ਜਾਚ ਦਾ ਅਟੁੱਟ ਅੰਗ ਸਨ। ਗੁਰਬਾਣੀ ਦਾ ਅਧਿਐਨ ਗੁਰਮਤਿ ਦੀ ਸਿੱਖਿਆ ਪ੍ਰਪੱਕ ਕਰਦੀ ਅਤੇ ਸ਼ਸਤਰ ਵਿੱਦਿਆ ਗੁਰਮਤਿ ਦੀ ਸਿੱਖਿਆ 'ਤੇ ਦ੍ਰਿੜ੍ਹਤਾ ਪੂਰਵਕ ਪਹਿਰਾ ਦੇਣ ਦੀ ਪ੍ਰੇਰਨਾ ਪੈਦਾ ਕਰਦੀ ਹੈ। ਯੁੱਧ-ਨੀਤੀ ਦਾ ਅਭਿਆਸ ਧਾਰਮਿਕ ਕਦਰਾਂ-ਕੀਮਤਾਂ ਨੂੰ ਦ੍ਰਿੜ੍ਹ ਕਰਾਉਣ ਅਤੇ ਇਨ੍ਹਾਂ ਨੂੰ ਬਚਾਉਣ ਲਈ ਕੀਤਾ ਜਾਂਦਾ ਹੈ। "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੀ ਸਿੱਖਿਆ ਨੂੰ ਅਮਲੀ ਜਾਮਾ ਪਹਿਨਾਉਣ ਦੀ ਤਿਆਰੀ ਹੋ ਰਹੀ ਸੀ। ਵਡੇਰਿਆਂ ਦੁਆਰਾ ਦਿਖਾਈ ਨਿਡਰਤਾ ਅਤੇ ਕੁਰਬਾਨੀ ਦੀ ਪ੍ਰੇਰਨਾ ਖ਼ੂਨ ਵਿਚ ਰਚੀ-ਮਿਚੀ ਹੋਈ ਸੀ। ਲੋੜ ਸੀ ਇਸ ਨੂੰ ਉਜਾਗਰ ਕਰਨ ਦੀ। ਸਾਹਿਬਜ਼ਾਦਿਆਂ ਨੂੰ ਅਜਿਹੀ ਸਿੱਖਿਆ ਅਤੇ ਪ੍ਰੇਰਨਾ ਵਿਚ ਦ੍ਰਿੜ੍ਹ ਕਰਾਉਣ ਲਈ ਗੁਰਬਾਣੀ ਅਧਿਐਨ ਅਤੇ ਯੁੱਧ-ਕਲਾ ਦਾ ਅਭਿਆਸ ਇਕੱਠੇ ਤੌਰ 'ਤੇ ਕਰਵਾਏ ਜਾ ਰਹੇ ਸਨ। ਬਾਣੀ ਤੇ ਬਾਣੇ ਦੀ ਰੱਖਿਆ ਲਈ ਪ੍ਰਪੱਕ ਕੀਤੇ ਜਾ ਰਹੇ ਧਰਮ ਉਦੇਸ਼ ਨੂੰ ਮੁੱਖ ਰੱਖਦੇ ਹੋਏ ਸਾਹਿਬਜ਼ਾਦਾ ਅਜੀਤ ਸਿੰਘ ਨੂੰ "ਸਿੱਖ ਗੁਰੂਆਂ ਦੀਆਂ ਕੁਰਬਾਨੀਆਂ, ਸਿੱਖ ਧਰਮ ਦੇ ਸਿਮਰਨ, ਪਿਆਰ, ਸੰਤੋਖ, ਦਇਆ, ਤਿਆਗ ਤੇ ਕੁਰਬਾਨੀ ਦੇ ਗੁਣਾਂ ਬਾਰੇ ਕਹਾਣੀਆਂ ਸੁਣਾ ਕੇ ਤੇ ਗੁਰਬਾਣੀ ਕੰਠ ਕਰਵਾ ਕੇ ਦੂਰ ਅੰਦੇਸ਼ ਧਰਮੀ ਤੇ ਨਿਰਭੈ ਯੋਧੇ ਵਜੋਂ ਤਿਆਰ ਕੀਤਾ। ਇਸ ਤਰ੍ਹਾਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਇਕ ਬਹੁਤ ਹੀ ਦੂਰ ਅੰਦੇਸ਼ ਗੁਣਵਾਨ, ਦਇਆਵਾਨ, ਸੰਤੋਖੀ ਤੇ ਬਹਾਦਰ ਜਰਨੈਲ ਬਣ ਗਏ।"

ਸਾਹਿਬਜ਼ਾਦਾ ਅਜੀਤ ਸਿੰਘ ਵਿਚ ਅਜਿਹੇ ਗੁਣਾਂ ਦੇ ਹੋਏ ਵਿਕਾਸ ਨੂੰ ਮੁੱਖ ਰੱਖਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਰਾਖੀ ਲਈ ਜਰਨੈਲ ਦੇ ਰੂਪ ਵਿਚ ਜ਼ਾਲਮ ਨੂੰ ਸੋਧਣ ਲਈ ਭੇਜਦੇ ਸਨ। ਆਮ ਲੋਕਾਂ ਨੂੰ ਵੀ ਇਹ ਵਿਸ਼ਵਾਸ ਪ੍ਰਪੱਕ ਹੋ ਗਿਆ ਸੀ ਕਿ ਸਮੇਂ ਦੀ ਹਕੂਮਤ ਦੇ ਜ਼ਾਬਰ ਹਾਕਮਾਂ ਤੋਂ ਇਨਸਾਫ਼ ਮਿਲਣ ਦੀ ਕੋਈ ਆਸ ਬਾਕੀ ਨਹੀਂ ਪਰ ਗੁਰੂ-ਘਰ ਕੀਤੀ ਫ਼ਰਿਆਦ ਕਦੇ ਖਾਲੀ ਨਹੀਂ ਜਾਂਦੀ। ਜ਼ਾਲਮ ਹਾਕਮਾਂ ਬਾਰੇ ਜਦੋਂ ਵੀ ਕੋਈ ਫ਼ਰਿਆਦੀ ਗੁਰੂ ਦਰਬਾਰ ਆਉਂਦਾ ਤਾਂ ਗੁਰੂ ਜੀ ਉਸ ਨੂੰ ਯਥਾ ਯੋਗ ਇਨਸਾਫ਼ ਦੁਆਉਣ ਦੀ ਕੋਸ਼ਿਸ਼ ਕਰਦੇ। ਇਸੇ ਤਰ੍ਹਾਂ ਇਕ ਵਾਰ ਹੁਸ਼ਿਆਰਪੁਰ ਰਹਿਣ ਵਾਲੇ ਦੇਵਦਾਸ ਨਾਮਕ ਸਾਰਸੁਤ ਬ੍ਰਾਹਮਣ ਨੇ ਆ ਕੇ ਫ਼ਰਿਆਦ ਕੀਤੀ ਕਿ ਮੈਂ ਆਪਣਾ ਮੁਕਲਾਵਾ ਲੈ ਕੇ ਆਉਂਦੇ ਹੋਏ ਜਦੋਂ ਬਸੀ ਪਿੰਡ ਕੋਲੋਂ ਲੰਘਿਆ ਤਾਂ ਉਥੋਂ ਦੇ ਸਰਦਾਰ ਜਾਬਰ ਖਾਂ ਪਠਾਣ ਨੇ ਜ਼ਬਰਦਸਤੀ ਮੇਰੀ ਪਤਨੀ ਦਾ ਡੋਲ੍ਹਾ ਮੈਥੋਂ ਖੋਹ ਲਿਆ ਅਤੇ ਪਿੰਡ ਦੇ ਹਾਕਮਾਂ ਚੌਧਰੀਆਂ ਪਾਸ ਫ਼ਰਿਆਦ ਕਰਨ 'ਤੇ ਵੀ ਕੋਈ ਸਹਾਇਤਾ ਨਹੀਂ ਮਿਲੀ।

ਹੁਣ ਮੈਂ ਤੁਹਾਡੇ ਕੋਲ ਸਹਾਇਤਾ ਲਈ ਬੇਨਤੀ ਲੈ ਹਾਜ਼ਰ ਹੋਇਆ ਹਾਂ, "ਏਸ ਹਾਲ 'ਤੇ ਬ੍ਰਾਹਮਣ ਦੀ ਦੀਨ ਪੁਕਾਰ ਸੁਣ ਕੇ ਧਰਮ ਧੁਰੰਧਰ ਸ੍ਰੀ ਕਲਗੀਧਰ ਜੀ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੋ ਸੌ ਘੋੜ ਸਵਾਰ ਦੇ ਕੇ ਬਿਪ੍ਰ ਦੇ ਨਾਲ ਤੋਰ, ਹੁਕਮ ਦਿੱਤਾ ਕਿ ਜਾਬਰ ਖਾਂ ਸਮੇਤ ਏਸ ਬ੍ਰਾਹਮਣ ਦੀ ਇਸਤ੍ਰੀ ਨੂੰ ਮੇਰੇ ਪਾਸ ਲੈ ਆਉ। ਜੇ ਕੋਈ ਮੁਕਾਬਲਾ ਕਰੇ ਤਾਂ ਸ਼ਮਸ਼ੀਰ ਚਮਕਾਉ। ਸਾਹਿਬਜ਼ਾਦੇ ਨੇ ਆਗਯਾ ਮੰਨ ਕੇ ਦਰਯਾਉਂ ਪਾਰ ਹੋ, ਦਿਨ ਚੜ੍ਹਦੇ ਤੋਂ ਪਹਿਲੇ ਹੀ ਸੁੱਤੇ ਪਏ ਪਠਾਣ ਜਾ ਦਬਾਏ, ਬਹੁਤੇ ਤਾਂ ਡਰਦੇ ਨੱਠ ਗਏ, ਤੇ ਕਈ ਪਠਾਣਾਂ ਨੂੰ ਮਾਰ ਜ਼ਖਮੀ ਕਰ ਲੁੱਟ-ਕੁੱਟ ਜਾਬਰ ਖਾਂ ਨੂੰ ਬ੍ਰਾਹਮਣੀ ਸਮੇਤ ਫੜ ਕੇ ਸ੍ਰੀ ਅਨੰਦਪੁਰ ਸਾਹਿਬ ਲੈ ਆਂਦਾ। ਨਯਾਇਕਾਰੀ ਗੁਰੂ ਜੀ ਨੇ ਬ੍ਰਾਹਮਣੀ ਬ੍ਰਾਹਮਣ ਨੂੰ ਦੇ ਕੇ ਉਸ ਦੇ ਭਾਈਚਾਰੇ ਵਿਚ ਮਿਲਾਈ ਤੇ ਜਾਬਰ ਖਾਂ ਨੂੰ ਥੋਥੇ ਤੀਰਾਂ ਦੀ ਮਾਰ ਨਾਲ ਮਰਵਾ ਸਿਟਿਆ।"

ਸ੍ਰੀ ਅਨੰਦਪੁਰ ਸਾਹਿਬ ਵਿਖੇ ਅਰੰਭ ਹੋਏ ਜੰਗਾਂ-ਯੁੱਧਾਂ ਨੇ ਸਿੱਖਾਂ ਨੂੰ ਚੇਤਨ ਕਰ ਦਿੱਤਾ ਕਿ ਆਉਣ ਵਾਲਾ ਸਮਾਂ ਕੰਡਿਆਲੇ ਮਾਰਗ 'ਤੇ ਲਿਜਾ ਰਿਹਾ ਹੈ। ਬੇਈਮਾਨੀ ਅਤੇ ਜ਼ੁਲਮ ਦੇ ਰਾਜ ਵਿਚ ਸਚਾਈ ਦੇ ਮਾਰਗ 'ਤੇ ਤੁਰਨ ਵਾਲਿਆਂ ਨੂੰ ਅਖ਼ੀਰ ਇਹ ਮਾਰਗ ਧਾਰਨ ਕਰਨਾ ਪੈਂਦਾ ਹੈ। ਸ੍ਰੀ ਗੁਰੂ ਅਰਜਨਦੇਵਜ ਇਅ ਤੇਸ੍ਰੀਗ_ਰੁਤੇਗਬ ਹਾਦਰਸ ਾਹਿਬਜ ਇਦ ਆਂ ਸ਼ਹਾਦਤਾਂ ਨਾਲ ਸਿੱਖ ਜੀਵਨ-ਜਾਚ ਵਿਚ ਨਵਾਂ ਮੋੜ ਆਇਆ ਸੀ, ਜਿਵੇਂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਵਿਚ ਪੈਦਾ ਹੋਈ ਉਦਾਸੀ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਹਥਿਆਰਬੰਦ ਸੰਘਰਸ਼ ਅਰੰਭ ਕੀਤਾ ਸੀ ਉਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨਾਲ ਸਿੱਖਾਂ ਵਿਚ ਪੈਦਾ ਹੋਈ ਉਦਾਸੀ ਤੇ ਬੇਚੈਨੀ ਨੂੰ ਚੜ੍ਹਦੀਕਲਾ ਵਿਚ ਬਦਲਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ ਜਿਹੜੀ ਕਿ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰਚੰਡ ਸੰਘਰਸ਼ ਦੀ ਸ਼ੁਰੂਆਤ ਸੀ। ਇਸ ਸੰਘਰਸ਼ ਵਿਚ ਜਿੱਥੇ ਗੁਰੂ ਸਾਹਿਬ ਨੇ ਸਿੱਖ ਕੌਮ ਦੀ ਅਗਵਾਈ ਕੀਤੀ, ਉਥੇ ਆਪਣੇ

ਸਾਹਿਬਜ਼ਾਦਿਆਂ ਵਿਚ ਨਿਰਭੈਤਾ ਦੇ ਅਜਿਹੇ ਗੁਣ ਉਜਾਗਰ ਕੀਤੇ ਕਿ ਉਹ ਜਰਨੈਲਾਂ ਵਾਂਗ ਹਰ ਮੁਹਿੰਮ ਦੀ ਅੱਗੇ ਹੋ ਕੇ ਅਗਵਾਈ ਕਰਨ ਲੱਗੇ ਅਤੇ ਜ਼ਾਲਮਾਂ ਦੇ ਮੂੰਹ ਮੋੜਨ ਲਈ ਰਣ ਭੂਮੀ ਵਿਚ ਜੂਝਣ ਲੱਗੇ ਸਨ। ਸ੍ਰੀ ਅਨੰਦਪੁਰ ਸਾਹਿਬ ਦੇ ਇਕ ਯੁੱਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੁਆਰਾ ਕੀਤੀ ਅਗਵਾਈ ਦਾ ਵਰਣਨ ਕਰਦੇ ਹੋਏ ਵੀ ਕਵੀ ਸੈਨਾਪਤੀ ਲਿਖਦਾ ਹੈ:

**ਤਬ ਹੀ ਬਚਨ ਪਾਇ ਚੜ੍ਹਿਓ ਨਗਾਰਾ ਬਜਾਇ,**<br>**ਸੁਆਰ ਭਯੋ ਜੀਤ ਸਿੰਘ ਜੁਧ ਕੇ ਕਰਨ ਕੋ।**<br>**ਸਿੰਘਨ ਕੋ ਸਾਥਿ ਲੀਏ ਮੁਹਰੇ ਨਿਸ਼ਾਨ ਦੀਏ,**<br>**ਬਾਂਧਿਓ ਹੈ ਖੜਗ ਸੀਸ ਦੂਤ ਕੇ ਧਰਨ ਕੋ।**

ਛੋਟੀ ਉਮਰੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਦੁਆਰਾ ਜੰਗਾਂ-ਯੁੱਧਾਂ ਵਿਚ ਹਿਸਾ ਲੈਣਾ ਅਤੇ ਸੂਰਬੀਰਤਾ ਦੇ ਜੌਹਰ ਦਿਖਾਉਣਾ ਹਰ ਆਮ-ਖ਼ਾਸ ਅਤੇ ਦੁਸ਼ਮਣ ਦੇ ਜਰਨੈਲਾਂ ਤਕ ਨੂੰ ਹੀ ਪ੍ਰਭਾਵਿਤ ਕਰ ਰਿਹਾ ਸੀ। ਸਾਹਿਬਜ਼ਾਦਾ ਇਤਨੀ ਬਹਾਦਰੀ ਅਤੇ ਫ਼ੁਰਤੀ ਨਾਲ ਜੂਝਦਾ ਕਿ ਦੁਸ਼ਮਣ ਹੈਰਾਨ ਹੋ ਜਾਂਦੇ ਅਤੇ ਪਿੱਛੇ ਹਟਣ ਲਈ ਮਜਬੂਰ ਹੋ ਜਾਂਦੇ ਸਨ:


**ਰਾਜਨ ਕੀ ਸੁਧਿ ਬੁਧਿ ਗਈ ਭਯੋ ਜੁਧ ਜਬ ਜੋਰ।**<br>**ਲਰਤ ਸਿੰਘ ਰਣਜੀਤ ਤਹ ਫਉਜ ਦਈ ਸਬ ਮੋਰ।**

ਸ੍ਰੀ ਅਨੰਦਪੁਰ ਸਾਹਿਬ ਛੱਡਣ ਤੋਂ ਬਾਅਦ ਪਰਵਾਰ ਵਿਛੋੜਾ ਹੋਣ 'ਤੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਸਮੇਤ



ਚਾਲ੍ਹੀ ਕੁ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਰਹਿ ਗਏ ਸਨ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਵੱਲ ਚਲੇ ਗਏ ਅਤੇ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਸਮੇਤ ਗੰਗੂ ਰਸੋਈਏ ਨਾਲ ਕਿਸੇ ਪਾਸੇ ਵਿੱਛੜ ਕੇ ਚਲੇ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਿੱਛੇ ਆ ਰਹੀ ਭਾਰੀ ਮੁਗ਼ਲ ਫ਼ੌਜ ਤੋਂ ਬਚਦੇ ਹੋਏ ਚਮਕੌਰ ਵਿਖੇ ਇਕ ਪੁਰਾਣੀ ਹਵੇਲੀ ਵਿਚ ਜਾ ਸ਼ਰਨ ਲਈ ਸੀ। ਇਸ ਹਵੇਲੀ ਨੂੰ ਗੜ੍ਹੀ ਵੀ ਕਿਹਾ ਜਾਂਦਾ ਹੈ। ਇਸ ਗੜ੍ਹੀ ਦਾ ਮਾਲਕ ਜਗਤ ਸਿੰਘ ਸੀ ਜੋ ਆਲੇ-ਦੁਆਲੇ ਦੇ 65 ਪਿੰਡਾਂ ਦਾ ਟਿੱਕਾ (ਮਾਲਕ) ਸੀ। ਗੁਰੂ ਸਾਹਿਬ ਨੇ ਆਪਣੇ ਕੁਝ ਸਿੰਘ ਉਸ ਕੋਲ ਭੇਜੇ ਤਾ ਕਿ ਉਸ ਦੀ ਗੜ੍ਹੀ ਵਿਚ ਨਿਵਾਸ ਕੀਤਾ ਜਾ ਸਕੇ। ਉਸ ਨੇ ਗੁਰੂ ਜੀ ਦੇ ਸਿੰਘਾਂ ਨੂੰ ਗੜ੍ਹੀ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਉਸ ਦੇ ਸਕੇ ਭਰਾ ਰੂਪ ਚੰਦ ਨੇ, ਜੋ ਕਿ ਗੜ੍ਹੀ ਦੇ ਅੱਧ ਦਾ ਮਾਲਕ ਸੀ, ਨੇ ਗੁਰੂ ਸਾਹਿਬ ਨੂੰ ਗੜ੍ਹੀ ਵਿਖੇ ਨਿਵਾਸ ਕਰਨ ਦੀ ਇਜਾਜ਼ਤ ਦੇ ਦਿਤੀ। ਇਸ ਦੇ ਅੰਦਰ ਪ੍ਰਵੇਸ਼ ਕਰਦੇ ਹੀ ਸਿੰਘਾਂ ਨੇ ਜਿਤਨੇ ਕੁ ਪ੍ਰਬੰਧ ਹੋ ਸਕਦੇ ਸਨ ਕੀਤੇ, ਜਿਨ੍ਹਾਂ ਦਾ ਵਰਨਨ ਕਰਦੇ ਹੋਏ ਸ. ਸ੍ਵਰੂਪ ਸਿੰਘ ਕੌਸ਼ਿਸ਼ ਦੱਸਦਾ ਹੈ ਕਿ "ਗੜ੍ਹੀ ਕੀ ਚਵ੍ਹੀਂ ਪਾਸੀ ਦੀਵਾਰਾਂ ਗੈਲ ਆਠ -ਆਠ ਸਿੰਘ ਵੰਡ ਕੇ ਭਾਈ ਮਦਨ ਸਿੰਘ ਤੇ ਕਾਠ ਸਿੰਘ ਕੋ ਦਰਵਾਜ਼ੇ ਤੇ ਖਲਾ ਕੀਆ। ਭਾਈ ਧਰਮ ਸਿੰਘ ਤੇ ਆਲਮ ਸਿੰਘ ਕੋ ਚ੍ਹਵਾਂ ਪਾਸਿਆਂ ਦੀ ਤਕੜਾਈ ਕੇ ਲੀਏ ਮੁਕਰਰ ਕੀਆ। ਭਾਈ ਦਯਾ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਅਤੇ ਦੋਵੇਂ ਸਾਹਿਬਜ਼ਾਦੇ ਆਪਣੇ ਪਾਸ ਰਾਖੇ। ਬਾਹਰੋਂ ਆਈ ਤੁਰਕ ਫ਼ੌਜ ਨੇ ਇੱਕੇ ਵਾਰੀ ਹਮਲਾ ਕਰ ਦੀਆ, ਕਾਈ ਦਕੀਕਾ ਬਾਕੀ ਨਾ ਰਹਾ, ਆਗੇ ਸੇ ਗੁਰੂ ਜੀ ਦਾ ਹੁਕਮ ਪਾਇ ਗੜ੍ਹੀ ਸੇ ਸਿੱਖਾਂ ਨੇ ਇਕੇ ਵਾਰੀ ਉਹ ਤੀਰ ਵਰਖਾ ਕੀ ਕਿ ਵਧੀ ਆ ਰਹੀ ਤੁਰਕ ਫ਼ੌਜ ਕੋ ਠੱਲ੍ਹਾ ਪਾਇ ਦੀਆ। ਸਤਿਗੁਰਾਂ ਕੇ ਤੀਰਾਂ ਨੇ ਇਕੇ ਵਾਰੀ ਕਾਲੀ-ਬੋਲੀ ਅੰਧੇਰੀ ਲਾਇ ਦਈ। ਜਿਸੇ ਤੀਰ ਵੱਜਾ ਉਹ ਪਾਰ ਬੋਲਿਆ, ਮੁੜ ਪਾਣੀ ਨਹੀਂ ਮਾਂਗਾ।"

ਸਾਹਿਬਜ਼ਾਦਿਆਂ ਨੇ ਕਦੇ ਵੀ ਗੁਰੂ-ਪੁੱਤਰ ਹੋਣ ਦਾ ਮਾਣ ਨਹੀਂ ਸੀ ਕੀਤਾ ਅਤੇ ਨਾ ਹੀ ਕਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਖਾਲਸਾ ਪੰਥ ਤੋਂ ਵੱਖ ਕਰ ਕੇ ਵੇਖਣ ਦੀ ਕੋਸ਼ਿਸ਼ ਕੀਤੀ ਸੀ। ਸਮੁੱਚੇ ਖ਼ਾਲਸਾ ਪੰਥ ਨੂੰ ਗੁਰੂ ਜੀ ਆਪਣੇ ਪੰਜਵੇਂ ਪੁੱਤਰ ਵਜੋਂ ਮਾਨਤਾ ਦਿੰਦੇ ਸਨ। ਸਾਹਿਬਜ਼ਾਦੇ ਹਮੇਸ਼ਾਂ ਹੀ ਇਕ ਸੰਤ-ਸਿਪਾਹੀ ਵਾਂਗ ਆਪਣੇ ਪਿਤਾ-ਗੁਰੂ ਦੀ ਕਮਾਨ ਹੇਠ ਕਾਰਜ ਕਰਨ ਨੂੰ ਤਰਜੀਹ ਦਿੰਦੇ ਸਨ। ਚਮਕੌਰ ਸਾਹਿਬ ਵਿਖੇ ਯੁੱਧ ਅਰੰਭ ਹੋਇਆ ਤਾਂ ਸਿੰਘਾਂ ਨੇ ਜ਼ੋਰਦਾਰ ਹੱਲਾ ਕਰ ਕੇ ਇਕ ਵਾਰ ਮੁਗ਼ਲਾਂ ਨੂੰ ਪਿੱਛੇ ਧੱਕ ਦਿੱਤਾ ਸੀ। ਜੋ ਵੀ ਮੁਗ਼ਲ ਫੌਜ ਦਾ ਸਿਪਾਹੀ ਜਾਂ ਜਰਨੈਲ ਗੜ੍ਹੀ ਦੇ ਨੇੜੇ ਆਉਣ ਦੀ ਹਿੰਮਤ ਕਰਦਾ ਤਾਂ ਉਸ ਦੀ ਲਾਸ਼ ਚੁੱਕਣੀ ਵੀ ਔਖੀ ਹੋ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਇਸੇ ਸਮੇਂ ਦੌਰਾਨ ਮੁਗ਼ਲ ਫ਼ੌਜ ਦਾ ਇਕ ਦੂਤ ਗੁਰੂ ਜੀ ਦੀ ਆਗਿਆ ਨਾਲ ਗੜ੍ਹੀ ਦੇ ਅੰਦਰ ਆਇਆ ਅਤੇ ਕਹਿਣ ਲੱਗਾ ਕਿ ਹੁਣ ਹੋਰ ਕੋਈ ਰਾਹ ਬਾਕੀ ਨਹੀਂ, ਤੁਸੀਂ ਹਥਿਆਰ ਸੁੱਟ ਦੇਵੋ। ਇਹ ਸੁਣ ਕੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਕਿਰਪਾਨ ਕੱਢ ਲਈ ਤੇ ਲਲਕਾਰ ਕੇ



ਕਿਹਾ, "ਜੇ ਤੂੰ ਕੋਈ ਅਪਮਾਨ ਵਾਲਾ ਲਫ਼ਜ਼ ਮੂੰਹੋਂ ਕੱਢਿਆ ਤਾਂ ਇਹ ਕਿਰਪਾਨ ਹੋਵੇਗੀ ਤੇਰਾ ਸਿਰ ਹੋਵੇਗਾ; ਮੈਂ ਤੈਨੂੰ ਇੱਥੇ ਹੀ ਟੁੱਕੜੇ-ਟੁੱਕੜੇ ਕਰ ਕੇ ਰੱਖ ਦਿਆਂਗਾ।"

ਚਮਕੌਰ ਦੇ ਯੁੱਧ ਦੀ ਰਣਨੀਤੀ ਇਸ ਤਰ੍ਹਾਂ ਕੀਤੀ ਗਈ ਕਿ ਆਪਣੇ

ਘੱਟ ਤੋਂ ਘੱਟ ਨੁਕਸਾਨ ਨਾਲ ਦੁਸ਼ਮਣ ਦਾ ਵੱਧ ਤੋਂ ਵੱਧ ਨੁਕਸਾਨ ਕੀਤਾ ਜਾਵੇ। ਗੜ੍ਹੀ ਦੇ ਬਾਹਰਲੇ ਦਰਵਾਜ਼ਿਉਂ ਪੰਜ-ਪੰਜ ਸਿੰਘ ਨਿਕਲਦੇ ਅਤੇ ਜੋ ਸਾਹਮਣੇ ਆਉਂਦਾ ਉਸ ਨਾਲ ਜੂਝਦੇ ਹੋਏ ਸ਼ਹੀਦ ਹੋ ਜਾਂਦੇ। ਗੜ੍ਹੀ ਦੇ ਅੰਦਰੋਂ ਬਾਹਰ ਆ ਕੇ ਜੂਝਣ ਵਾਲੇ ਯੋਧਿਆਂ ਅਤੇ ਮੁਗ਼ਲ ਫ਼ੌਜਾਂ ਵਿਚਕਾਰ ਵੱਡਾ ਅੰਤਰ ਇਹ ਸੀ ਕਿ ਸਿੰਘ ਆਪਣੇ ਧਰਮ ਅਤੇ ਗੁਰੂ ਲਈ ਬਿਨ੍ਹਾਂ ਕਿਸੇ ਲੋਭ ਤੋਂ ਯੁੱਧ ਕਰ ਰਹੇ ਸਨ ਅਤੇ ਮੁਗ਼ਲ ਫ਼ੌਜੀ ਆਪਣੀ ਤਨਖ਼ਾਹ ਅਤੇ ਹੋਰ ਇਨਾਮ ਹਾਸਲ ਕਰਨ ਲਈ ਸਿੰਘਾਂ ਨਾਲ ਦੋ-ਦੋ ਹੱਥ ਕਰ ਰਹੇ ਸਨ। ਮੌਤ ਦਾ ਭੈਅ ਮਨ ਵਿਚ ਨਾ ਹੋਣ ਕਰਕੇ ਗੁਰੂ ਦੇ ਸਿੰਘ ਜਿਧਰ ਵੀ ਮੂੰਹ ਕਰਦੇ, ਵੈਰੀ ਦਲ ਦੀਆਂ ਫ਼ੌਜਾਂ ਦੇ ਬਹੁਤ ਸਾਰੇ ਸਿਪਾਹੀ ਮਾਰ ਦਿੰਦੇ ਅਤੇ ਆਪ ਵੀ ਸ਼ਹੀਦ ਹੋ ਜਾਂਦੇ ਸਨ। ਗਿਣਤੀ ਵਿਚ ਥੋੜੇ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਦੀ ਹਜ਼ੂਰੀ ਅਤੇ ਪ੍ਰੇਮ ਨੇ ਸਾਹਿਬਜ਼ਾਦਿਆਂ ਨੂੰ ਚੜ੍ਹਦੀ ਕਲਾ ਵਿਚ ਰੱਖਿਆ ਹੋਇਆ ਸੀ। ਜਬਰ ਅਤੇ ਜ਼ੁਲਮ ਵਿਰੁੱਧ ਲੜਨ ਦੀ ਜੋ ਚਿਣਗ ਸ੍ਰੀ ਅਨੰਦਪੁਰ ਸਾਹਿਬ ਦੇ ਢਾਡੀ ਦਰਬਾਰਾਂ ਨੇ ਪੈਦਾ ਕੀਤੀ ਸੀ, ਉਸ ਉਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦਾ ਵਕਤ ਆ ਗਿਆ ਸੀ। ਇਸੇ ਦ੍ਰਿੜ੍ਹਤਾ ਅਤੇ ਨਿਸ਼ਠਾ ਨੂੰ ਮੁੱਖ ਰਖਦੇ ਹੋਏ ਪੰਜ-ਪੰਜ ਸਿੰਘ ਗੜ੍ਹੀ ਵਿੱਚੋਂ ਬਾਹਰ ਨਿਕਲਦੇ ਅਤੇ ਸੂਰਬੀਰਾਂ ਵਾਂਗ ਦੁਸ਼ਮਣ ਨਾਲ ਦੋ-ਦੋ ਹੱਥ ਕਰਦੇ ਹੋਏ ਸ਼ਹੀਦ ਹੋ ਜਾਂਦੇ ਸਨ। ਇਨ੍ਹਾਂ ਸਿੰਘਾਂ ਦੀ ਦਲੇਰੀ ਤੋਂ ਮੁਗ਼ਲ ਸੈਨਿਕ ਇਤਨੇ ਭੈ ਮਹਿਸੂਸ ਕਰ ਰਹੇ ਸਨ ਕਿ ਲੱਖਾਂ ਦੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਮੁੱਠੀ ਭਰ ਸਿੰਘਾਂ ਨੂੰ ਕਾਬੂ ਕਰਨ ਲਈ ਗੜ੍ਹੀ ਤਕ ਪਹੁੰਚਣ ਵਿਚ ਅਸਫ਼ਲ ਸਿੱਧ ਹੋ ਰਹੇ ਸਨ। ਮੁਗ਼ਲ ਫ਼ੌਜ ਲਈ ਇਹ ਦੰਦਾਂ ਨਾਲ ਲੋਹਾ ਚਬਾਉਣ ਵਾਲੀ ਗੱਲ ਸੀ। ਜਿਹੜੇ ਮੁਗ਼ਲ ਫ਼ੌਜ ਦੇ ਸਰਦਾਰ ਜਾਂ ਸਿਪਾਹੀ ਗੜ੍ਹੀ ਦੇ ਬਾਹਰ ਵਾਲੇ ਪਾਸਿਉਂ ਪੌੜੀ ਲਾ ਕੇ ਚੜ੍ਹਨ ਦਾ ਯਤਨ ਕਰ ਰਹੇ ਸਨ, ਉਨ੍ਹਾਂ ਨੂੰ ਗੜ੍ਹੀ ਉਤਲੇ ਸਿੰਘਾਂ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪੈ ਰਿਹਾ ਸੀ। ਗੜ੍ਹੀ ਦੀ ਉਤਲੇ ਪਾਸਿਉਂ ਰਾਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਵੀ ਕਰ ਰਹੇ ਸਨ। ਇਸ ਦਾ ਜ਼ਿਕਰ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਵਿਚ ਵੀ ਕਰਦੇ ਹਨ। ਗੁਰੂ ਜੀ ਨੇ ਕੇਵਲ ਮੁਗ਼ਲ ਜਰਨੈਲਾਂ ਦਾ ਵਰਣਨ ਕੀਤਾ ਹੈ, ਜਿਹੜੇ ਗੜ੍ਹੀ ਦੇ ਨੇੜੇ ਆਉਣ ਜਾਂ ਪੌੜੀ ਲਾ ਕੇ ਗੜ੍ਹੀ ਦੇ ਅੰਦਰ ਪ੍ਰਵੇਸ਼ ਕਰਨ ਦਾ ਯਤਨ ਕਰਦੇ ਹੋਏ ਗੁਰੂ ਸਾਹਿਬ ਹੱਥੋਂ ਮੌਤ ਦੇ ਘਾਟ ਉਤਾਰ ਦਿੱਤੇ ਗਏ, ਜਿਵੇਂ ਨਾਹਰ ਖਾਂ ਆਦਿ। ਇਸ ਤੋਂ ਇਲਾਵਾ ਉਸ ਦਾ ਵੀ ਜ਼ਿਕਰ ਕਰ ਦਿੱਤਾ, ਜਿਹੜਾ ਗੜ੍ਹੀ ਦੇ ਉਹਲੇ ਲੁਕ ਗਿਆ ਪਰ ਲੜਨ ਲਈ ਸਾਹਮਣੇ ਨਹੀਂ ਆਇਆ, ਜਿਵੇਂ ਖ਼ਿਜ਼ਰ ਖਾਂ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰੀ ਮੁਗ਼ਲ ਫ਼ੌਜ ਸਿਰਲੱਥ ਸੂਰਮਿਆਂ ਦੇ ਸਾਹਮਣੇ ਆਉਣ ਤੋਂ ਡਰ ਰਹੀ ਸੀ। ਇਸ ਯੁੱਧ ਵਿਚ ਕਿੰਨੇ ਮੁਗ਼ਲ ਸੈਨਿਕ ਮਾਰੇ ਗਏ, ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਕੇਵਲ ਇੰਨਾ ਹੀ ਕਿਹਾ ਗਿਆ ਕਿ ਯੁੱਧ ਦੇ ਮੈਦਾਨ ਵਿਚ ਲਾਸ਼ਾਂ ਖਿਦੋ (ਸਿਰ) ਤੇ ਖੂੰਡੀਆਂ (ਲੱਤਾਂ, ਬਾਹਾਂ) ਵਾਂਗ ਖਿੱਲਰੀਆਂ ਪਈਆਂ ਸਨ:

**ਸਰੋ ਪਾਇ ਅੰਬੋਹ ਚੰਦਾ ਸ਼ੁਦਹ।**

**ਕਿ ਮੈਦਾਂ ਪੁਰ ਅਜ਼ ਗਇਉ ਚੌਗਾਂ ਸ਼ੁਦਹ ॥38॥**

ਜਿਸ ਵੀ ਜਰਨੈਲ ਨੂੰ ਗੁਰੂ ਜੀ ਨੇ ਤੀਰ ਮਾਰਿਆ, ਉਹ ਮੁੜ ਇਸ ਧਰਤੀ ਦਾ ਬਸ਼ਿੰਦਾ ਨਾ ਰਿਹਾ ਅਤੇ ਉਸ ਦੀ ਫ਼ੌਜ ਪਿਛਾਂਹ ਵੱਲ ਨੱਸ ਗਈ। ਪਰ ਚਾਲੀ ਕੁ ਸੂਰਬੀਰ ਕਿੰਨਾ ਚਿਰ ਲੱਖਾਂ ਦੀ ਗਿਣਤੀ ਨਾਲ ਲੜ ਸਕਦੇ ਸਨ? ਜਿਹੜੇ ਵੀ ਪੰਜ ਸਿੰਘ ਗੜ੍ਹੀ 'ਚੋਂ ਬਾਹਰ ਨਿਕਲਦੇ, ਉਹ ਸ਼ਹਾਦਤ ਪਾ ਜਾਂਦੇ। ਇਸ ਤਰ੍ਹਾਂ ਗੜ੍ਹੀ ਅੰਦਰ ਸਿੰਘਾਂ ਦੀ ਗਿਣਤੀ ਨਾ-ਮਾਤਰ ਹੀ ਰਹਿ ਗਈ। ਯੁੱਧ ਦੇ ਜ਼ੋਰ ਨੇ ਜਿੱਥੇ ਸਿੰਘਾਂ ਨੂੰ ਕੁਰਬਾਨੀ ਲਈ ਪ੍ਰੇਰਿਤ ਕੀਤਾ ਹੋਇਆ ਸੀ, ਉਥੇ ਸਾਹਿਬਜ਼ਾਦਾ ਅਜੀਤ ਸਿੰਘ ਅੰਦਰ ਛੁਪਿਆ ਜਰਨੈਲ ਦੁਨੀਆ ਸਾਹਮਣੇ ਆ ਕੇ ਦੁਸ਼ਮਣ ਨਾਲ ਲੋਹਾ ਲੈਣ ਲਈ ਤਤਪਰ ਹੋ ਰਿਹਾ ਸੀ। ਦੁਪਹਿਰ ਤਕ ਗੜ੍ਹੀ ਦੇ ਉਪਰ ਵਾਲੇ ਪਾਸਿਉਂ ਮੁਗ਼ਲਾਂ ਦੀਆਂ ਫ਼ੌਜਾਂ ਨੂੰ ਤੀਰਾਂ ਨਾਲ ਲਲਕਾਰਨ ਵਾਲਾ ਸਾਹਿਬਜ਼ਾਦਾ ਗੜ੍ਹੀ ਦੇ ਬਾਹਰ ਆ ਕੇ ਦੋ-ਦੋ ਹੱਥ ਕਰਨ ਲਈ ਉਤਾਵਲਾ ਹੋ ਰਿਹਾ ਸੀ। ਗੁਰੂ ਜੀ ਨੇ ਸਾਹਿਬਜ਼ਾਦਿਆਂ ਨੂੰ ਪ੍ਰੇਰਨਾ ਦਿੰਦੇ ਹੋਏ ਕਿਹਾ:

**"ਹੇ ਸੁਤ ! ਤੁਮ ਹਮ ਕੋ ਹੋ ਪਯਾਰੇ। ਤੁਰਕ ਨਾਸ ਹਿਤ ਤੁਮ ਤਨ ਧਾਰੇ।**

**ਜੇ ਅਪਨੇ ਸਿਰ ਰਨ ਮੈਂ ਲਾਗੇ। ਤਾ ਕਰ ਨਾਸ ਮਲੇਛ ਸੁਭਾਗੇ।**

**ਤਾ ਤੇ ਯਾ ਸਮ ਸਮਾ ਨ ਕੋਈ। ਤੁਮ ਦੋਨਹੁ ਸੰਗਰ ਭਲ ਜੋਈ।"**

ਗੁਰੂ ਜੀ ਦੇ ਸ਼ਬਦਾਂ ਨੇ ਸਾਹਿਬਜ਼ਾਦਿਆਂ ਦੇ ਮਨ ਵਿਚ ਭਰਪੂਰ ਜੋਸ਼ ਪੈਦਾ ਕਰ ਦਿੱਤਾ। ਸਿੰਘਾਂ ਦੀ ਕੁਰਬਾਨੀ ਅਤੇ ਘਟ ਰਹੀ ਗਿਣਤੀ ਨੂੰ ਸਾਹਮਣੇ ਰੱਖਦੇ ਹੋਏ ਸਭ ਤੋਂ ਪਹਿਲਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਪਿਤਾ ਤੋਂ ਆਹਮੋ-ਸਾਹਮਣੇ ਦੇ ਯੁੱਧ ਲਈ ਗੜ੍ਹੀ ਤੋਂ ਬਾਹਰ ਜਾਣ ਦੀ ਆਗਿਆ ਮੰਗੀ:

**ਬਿਨਉ ਕਰੀ ਕਰਿ ਜੋਰਿ ਕੈ ਖੁਸ਼ੀ ਕਰਉ ਕਰਤਾਰ।**

**ਕਰਉ ਬੀਰ ਸੰਗ੍ਰਾਮ ਮੈ ਦੇਖਉ ਆਪਿ ਨਿਹਾਰਿ।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਸ਼ੀਰਵਾਦ ਲੈ ਕੇ ਸਾਹਿਬਜ਼ਾਦਾ ਸਾਥੀ ਸਿੰਘਾਂ ਨਾਲ ਮੈਦਾਨ-ਏ-ਜੰਗ ਵਿਚ ਆ ਗਿਆ। ਇਹ ਇਕ ਅਸਾਵੀਂ ਜੰਗ ਸੀ ਜਿਸ ਵਿਚ ਧਰਮ ਦਾ ਜੋਸ਼ ਵੈਰੀਆਂ ਦੇ ਟਿੱਡੀ ਦਲ ਨਾਲ ਲੋਹਾ ਲੈ ਰਿਹਾ ਸੀ। ਗੜ੍ਹੀ ਦੇ ਉਪਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮੈਦਾਨ ਵਿਚ ਦੂਰ ਉਚੇ ਸਥਾਨ 'ਤੇ ਖੜੇ ਵਜੀਦ ਖਾਂ ਅਤੇ ਜ਼ਬਰਦਸਤ ਖਾਂ ਵੀ ਇਸ ਯੁੱਧ ਨੂੰ ਵੇਖ ਰਹੇ ਸਨ। ਸਾਹਿਬਜ਼ਾਦੇ ਨੇ ਬਾਹਰ ਆਉਂਦੇ ਹੀ ਇਕ ਜ਼ੋਰਦਾਰ ਹੱਲਾ ਬੋਲਿਆ ਜਿਸ ਕਾਰਨ ਦੁਸ਼ਮਣ ਪਿੱਛੇ ਨੂੰ ਹਟਣ ਲਈ ਮਜਬੂਰ ਹੋ ਗਿਆ। ਸਿੰਘਾਂ ਅਤੇ ਸਾਹਿਬਜ਼ਾਦੇ ਦਾ ਜੋਸ਼ ਵੇਖ ਕੇ ਮੁਗ਼ਲ ਫ਼ੌਜਾਂ ਹੈਰਾਨ ਹੋ ਰਹੀਆਂ ਸਨ, ਕਿਉਂਕਿ ਇਨ੍ਹਾਂ ਦੇ "ਹੱਥ ਅਉਂ ਚਲਦੇ ਸੇ ਜਾਣੋ ਕੇਲਿਆਂ ਦੇ ਬਣ ਨੂੰ ਬਾਢੀ ਵੱਢ ਰਹੇ ਹਨ, ਤਾਰ ਵਾਂਙੂ ਤਲਵਾਰ ਫਿਰ ਰਹੀ ਸੀ, ਜਿਸ ਤੇਜ਼ੀ ਨੂੰ ਵੇਖ ਕੇ ਚੁਫੇਰਿਯੋਂ ਵਾਹ-ਵਾਹ ਦੀ ਅਵਾਜ, ਮਾਰੂ ਬਾਜੇ ਦੀ ਗਾਜ, ਤਲਵਾਰਾਂ ਦੀ ਚਮਕ, ਬਿਜਲੀ ਦੀ ਚਮਕ, ਜੋਧਰਾਂ ਦੀ ਭਾਬਕ ਅਜਬ ਤਮਾਸ਼ਾ ਦਿਖਾ ਰਹੀ ਸੀ, ਸੂਰਬੀਰ ਜਯੋਂ ਜਯੋਂ ਜ਼ਖਮ ਦਾ ਸ੍ਵਾਦ ਚਖਦੇ ਸੇ ਤਯੋਂ-ਤਯੋਂ ਅਗੇ ਨੂੰ ਵਧਦੇ ਸੇ। ਓੜਕ ਜਦ ਆਪ ਤੋਂ ਚੌਗੁਣਿਆਂ ਨੂੰ ਖਪਾ ਕੇ, ਜ਼ਰਾ-ਜ਼ਰਾ ਹੋ, ਖੇਤ ਵਿਚ ਲਹੂ ਤੇ ਮਿੱਝ ਦੇ ਬਿਛੌਣੇ ਪੁਰ ਲੋਥਾਂ ਦੇ ਸਿਰਾਣੇ ਲਗਾ ਕੇ ਸ੍ਰੀ ਅਜੀਤ ਸਿੰਘ ਨੇ ਪੈਰ ਪਸਾਰ, ਅਜੇਹੀ ਗੂੜ੍ਹੀ ਨਿੰਦ੍ਰਾ ਲੀਤੀ ਜੋ ਪਾਸਾ ਨਾ ਪਰਤਿਆ।" ਰੱਜੀ-ਪੁੱਜੀ ਤੇ ਤਾਜ਼ਾਦਮ ਫ਼ੌਜ ਨਾਲ ਭੁੱਖੇ-ਭਾਣੇ ਸਿੰਘਾਂ ਅਤੇ ਸਾਹਿਬਜ਼ਾਦੇ ਦੇ ਸੂਰਬੀਰਾਂ ਵਾਂਗ ਸ਼ਹੀਦ ਹੋਣ ਤੇ ਗੁਰੂ ਜੀ ਦੇ ਮਨੋਭਾਵਾਂ ਦਾ ਪ੍ਰਗਟਾਵਾ ਕਰਦੇ ਹੋਏ ਜੋਗੀ ਅਲ੍ਹਾ ਯਾਰ ਖਾਂ ਕਹਿੰਦਾ ਹੈ:

**ਸ਼ਾਹਜ਼ਾਦਾ:- ਇ ਜ਼ੀ-ਜਾਹ ਨੇ ਭਾਗੜ ਥੀ ਮਚਾ ਦੀ।**

**ਯਿਹ ਫੌਜ ਭਗਾ ਦੀ, ਕਭੀ ਵੁਹ ਫੌਜ ਭਗਾ ਦੀ।**

**ਬੜ੍ਹ ਚੜ੍ਹ ਕੇ ਤਵੱਕੋ ਸੇ ਜ਼ਜਾਅੱਤ ਜੋ ਦਿਖਾ ਦੀ।**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ

**ਡਾ. ਜਗਜੀਤ ਸਿੰਘ**

ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸਬਰ ਸੰਨ ੧੭੦੪ ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ ਤਾਂ ਉਹ ਤੀਰਥ ਹੈ ਚਮਕੌਰ ਦੀ ਧਰਤੀ ਹੈ, ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹਿੰਦ ਦੀ ਦੀਵਾਰ' ਦੀ ਹੈ ਜਿਥੇ ਨਿੱਕੀਆਂ ਜਿੰਦਾਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੇ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਨ, ਅਣਖ ਅਤੇ ਆਜ਼ਾਦੀ ਹਿਤ ਜਾਨਾਂ ਵਾਰ ਦਿੱਤੀਆਂ। ਇਨ੍ਹਾਂ ਕੁਰਬਾਨੀਆਂ ਨੇ ਅਣਗਿਣਤ ਦਿਲਾਂ ਨੂੰ ਟੁੰਬਿਆ ਹੈ। ਜਿੰਦਾਂ ਭਾਵੇਂ ਅਨਭੋਲ ਨਿੱਕੀਆਂ-ਨਿੱਕੀਆਂ ਸੀ, ਪਰ ਉਨ੍ਹਾਂ ਦੇ ਕਾਰਨਾਮੇ ਬਜ਼ੁਰਗਾਂ ਬਾਬਿਆਂ ਵਾਲੇ ਸੀ। ਇਸੇ ਲਈ ਉਨ੍ਹਾਂ ਨੂੰ 'ਬਾਬਾ' ਪਦ ਨਾਲ ਸਤਕਾਰਿਆ ਜਾਂਦਾ ਹੈ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ।

ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੀ ਚੱਪਾ-ਚੱਪਾ ਧਰਤੀ ਸਾਹਿਬਜ਼ਾਦਿਆਂ ਦੇ ਪਿਆਰ ਬੈਰਾਗ ਵਿਚ ਅਲਮਸਤ ਕੋਈ ਅਗੰਮੀ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਹੈ ਕਿ ਸੰਸਾਰ ਵਿਚ ਵੱਸਦੇ ਪ੍ਰਾਣੀਓਂ, ਪਿਆਰ ਵੰਡੋ, ਖੁਸ਼ਬੂ ਵੰਡੋ ! ਉਮਰਾਂ ਕਰਕੇ ਜਿੰਦ ਭਾਵੇਂ ਛੋਟੀ ਹੋਵੇ, ਭਾਵੇਂ ਵੱਡੀ, ਫਰਕ ਨਹੀਂ ਪੈਂਦਾ। ਅੰਦਰ ਪਰਮ ਜੋਤਿ ਦਾ ਚਾਨਣ ਹੋਵੇ, ਮਨ ਸਰੀਰਾਂ ਨਾਲ ਨਹੀਂ ਸਗੋਂ ਪਿਆਰ ਦੇ ਸਾਗਰ ਨਾਲ ਜੁੜਿਆ ਹੋਵੇ, ਕੂੜੀਆਂ ਵੰਡਾਂ, ਈਰਖਾ, ਦ੍ਵੈਤ, ਵੈਰ, ਵਿਰੋਧ, ਤੋਂ ਪਾਕ ਹੋਵੇ, 'ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਦਿਲੋਂ ਹਿਤੈਸ਼ੀ ਹੋਵੇ, ਤਾਂ ਐਸੀਆਂ ਜਿੰਦਾਂ 'ਤੇ ਧਰਤੀ ਮਾਣ ਕਰਦੀ ਹੈ, ਖੰਡ ਬ੍ਰਹਿਮੰਡ ਮਾਣ ਕਰਦੇ ਹਨ। ਐਸਾ ਜੀਵਨ ਹੀ ਅਸਲੀ ਜੀਵਨ ਹੈ, ਐਸਾ ਜੀਵਨ ਸਫਲ ਜੀਵਨ ਹੈ। ਦਸੰਬਰ ਦੇ ਪਿਛਲੇ ਪੰਦਰਵਾੜੇ ਵਿਚ ਇਨ੍ਹਾਂ ਪਵਿੱਤਰ ਥਾਵਾਂ ਨੂੰ ਕਿਸੇ ਰਾਹੋਂ ਵੀ ਚਲੇ ਜਾਓ, ਦੂਰ-ਦੂਰ ਤੱਕ ਦਾ ਇਲਾਕਾ ਸਾਹਿਬਜ਼ਾਦਿਆਂ ਦੇ ਪਿਆਰ-ਸਤਕਾਰ ਵਿਚ ਤੁਹਾਡੇ ਰਾਹਾਂ 'ਤੇ ਅੱਖਾਂ ਵਿਛਾਈ ਖੜ੍ਹਾ ਦਿੱਸੇਗਾ। ਥਾਂ-ਥਾਂ ਲੰਗਰ, ਛਬੀਲਾਂ, ਦੁੱਧ, ਚਾਹ ਦੀ ਸੇਵਾ, ਹੱਥ ਬੰਨ੍ਹੀ ਸੇਵਾਦਾਰ, ਬੱਚੇ, ਨੌਜਵਾਨ ਤੁਹਾਰਾ ਰਾਹ ਰੋਕ, ਕੁਝ ਪ੍ਰਵਾਨ ਕਰ ਲੈਣ ਲਈ ਤਰਲਾ ਕਰਦੇ ਹਨ। ਕੋਈ ਸੇਵਾ ਪ੍ਰਵਾਨ ਕਰ ਲਵੇ, ਪ੍ਰਸੰਨ ਹੋ ਜਾਂਦੇ ਹਨ। ਇਨ੍ਹਾਂ ਪਵਿੱਤਰ ਅਸਥਾਨਾਂ ਨੂੰ ਜਾਂਦੀ ਹਰ ਸੜਕ ਐਸਾ ਦ੍ਰਿਸ਼ ਹੀ ਪੇਸ਼ ਕਰਦੀ ਹੈ। ਸੇਵਾ ਕਰਨ ਵਾਲੇ ਇਨ੍ਹਾਂ ਜਿੰਦਾਂ ਨੂੰ ਦਿਲੋਂ ਪਿਆਰ ਕਰਨ ਵਾਲੇ ਇਨਸਾਨ ਹਨ-ਨਾ ਹਿੰਦੂ, ਨਾ ਸਿੱਖ, ਨਾ ਮੁਸਲਮਾਨ, ਨਾ ਛੋਟੇ, ਨਾ ਵੱਡੇ, ਨਾ ਊਚ, ਨਾ ਨੀਚ। ਕਿਸੇ ਦਾਰਸ਼ਨਿਕ ਨੇ ਠੀਕ ਹੀ ਕਿਹਾ ਸੀ ਕਿ ਪਵਿੱਤਰ ਬਲੀਦਾਨ ਦੇ ਖ਼ੂਨ ਦਾ ਹਰ ਕਤਰਾ ਸੱਚੇ ਧਰਮ ਦੇ ਮਹੱਲ ਦੀ ਬੁਨਿਆਦ ਬਣਦਾ ਹੈ।

ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫ਼ਖਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ-ਦਾਦਾ, ਗੁਰੂ-ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ ਜਿਨ੍ਹਾਂ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆਂ ਸਨ। ਇਨ੍ਹਾਂ ਸ਼ਹੀਦੀਆਂ ਦੇ ਰਹੱਸ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ, ਵਿਸ਼ੇਸ਼ ਕਰਕੇ ਉਨ੍ਹਾਂ ਮਨੁੱਖਾਂ ਲਈ ਜੋ ਸਰੀਰਾਂ ਨਾਲ ਅਤੇ ਸਰੀਰਾਂ ਦੇ ਸੰਬੰਧਾਂ ਦੇ ਪਿਆਰ ਨਾਲ ਜੁੜੇ ਹੋਏ ਹਨ, ਮਰਨ ਤੋਂ ਡਰਦੇ ਹਨ, ਸਰੀਰ ਦੇ ਖਤਮ ਹੋ ਜਾਣ ਨੂੰ ਇਕ ਭਿਆਨਕ ਘਟਨਾ ਮੰਨਦੇ ਹਨ, ਜਿਸ ਤੋਂ ਬੱਚਣ ਲਈ ਹਰ ਤਰ੍ਹਾਂ ਦੇ ਸਾਧਨ ਜੁਟਾਉਣ ਵਿਚ ਲੱਗੇ ਹੋਏ ਹਨ।

ਇਸ ਦੇ ਉਲਟ ਗੁਰੂ ਦਾ ਮਾਰਗ 'ਸੱਚ ਦਾ ਮਾਰਗ' ਹੈ, ਧਰਮ ਦਾ ਮਾਰਗ ਹੈ, ਜਿਸ ਉਪਰ 'ਕੂੜਿ ਦੀ ਪਾਲ' ਨੂੰ ਤੋੜ ਕੇ ਹੀ ਚੱਲਿਆ ਜਾਂਦਾ ਹੈ, ਜਿਸ ਵਿਚ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ' ਦਾ ਅਮਲ ਦ੍ਰਿੜ੍ਹ ਕਰਵਾਇਆ ਜਾਂਦਾ ਹੈ। ਜੋ 'ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ' ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਸਾਹਿਬ ਸੰਗਤ, ਪੰਗਤ, ਨਾਮ ਮਹਿਮਾ, ਸ਼ਬਦ ਬਾਣੀ ਦੇ ਕੀਰਤਨ ਰਾਹੀਂ ਇਹੋ ਦ੍ਰਿੜ੍ਹ ਕਰਵਾਉਂਦੇ ਰਹੇ। ਸਭ ਲਈ ਇਕੋ ਸੰਦੇਸ਼ ਸੀ-

**ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ।**
**ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ।** (ਪੰਨਾ ੪੬੮)

'ਸੱਚ' ਤੇ ਪਹਿਰਾ ਦੇਂਦਿਆਂ ਪੰਜਵੇਂ ਅਤੇ ਨੌਵੇਂ ਗੁਰੂਆਂ ਨੇ 'ਕੂੜ' ਨਾਲ ਸਮਝੌਤਾ ਨਾ ਕੀਤਾ, ਸ਼ਹੀਦੀ ਪਰਵਾਨ ਕਰ ਲਈ। ਇਸ ਕਾਰਜ ਦੀ ਸੰਪੰਨਤਾ ਹਿਤ ਦਸਵੇਂ ਗੁਰੂ ਜੀ ਨੇ ੧੬੯੯ ਦੀ ਵੈਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਵਿਸ਼ਾਲ ਇਕੱਠ ਕੀਤਾ ਅਤੇ 'ਜੀਵਨ ਕੀ ਹੈ? ਮੌਤ ਕੀ ਹੈ?' ਦੇ ਰਹੱਸ ਨੂੰ ਰੂਪਮਾਨ ਕਰਨ ਲਈ ਸੀਸ ਦੀ ਬਲੀ ਮੰਗੀ, ਵਾਰੀ-ਵਾਰੀ ਪੰਜ ਸਿੱਖ ਸੀਸ ਭੇਟ ਕਰਨ ਹਿਤ ਨਿੱਤਰੇ-ਲਾਹੌਰ ਦੇ ਭਾਈ ਦਇਆ ਰਾਮ, ਦਿੱਲੀ ਦੇ ਭਾਈ ਧਰਮਦਾਸ, ਪੁਰੀ ਤੋਂ ਭਾਈ ਹਿੰਮਤ ਰਾਇ, ਸੌਰਾਸ਼ਟਰ ਤੋਂ ਭਾਈ ਮੋਹਕਮ ਚੰਦ ਅਤੇ ਆਂਧਰਾ ਤੋਂ ਭਾਈ ਸਾਹਿਬ ਚੰਦ। ਇਨ੍ਹਾਂ ਪੰਜਾਂ ਨੂੰ ਅੰਮ੍ਰਿਤ ਦੀ ਦਾਤ ਮਿਲਣ ਨਾਲ 'ਖਾਲਸੇ' ਦੀ ਸਿਰਜਨਾ ਹੋਈ। ਇਨ੍ਹਾਂ ਤੋਂ ਆਪ ਅੰਮ੍ਰਿਤ ਛੱਕ ਕੇ 'ਆਪੇ ਗੁਰ ਚੇਲਾ' ਦੀ ਮਰਿਆਦਾ ਤੋਰੀ। ਹਰ ਤਰ੍ਹਾਂ ਦੇ ਵੈਰ-ਵਿਤਕਰੇ, ਊਚ-ਨੀਚ, ਜਾਤ-ਪਾਤ, ਵਰਣ-ਭੇਦ ਦੂਰ ਕਰਕੇ ਇਨ੍ਹਾਂ ਨੂੰ ਪੰਜ ਰਹਿਤਾਂ ਬਖਸ਼ੀਆਂ, ਚਾਰ ਕੁਰਹਿਤਾਂ ਤੋਂ ਬੱਚਣ ਦਾ ਬਚਨ ਲਿਆ-

**'ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।'** (**ਅਕਾਲ ਉਸਤਤਿ**)

ਦਾ ਸੰਦੇਸ਼ ਦ੍ਰਿੜ੍ਹ ਕਰਵਾਇਆ। ਖਾਲਸੇ ਦੀ ਸਿਰਜਨਾ ਇਕ ਤਰ੍ਹਾਂ ਨਾਲ 'ਸੁਪਰਮੈਨ' ਸੱਚ ਦੇ ਧਾਰਨੀ, ਧਰਮੀ ਬੰਦੇ ਦੀ ਸਿਰਜਨਾ ਸੀ ਜੋ ਪ੍ਰਭੂ-ਗੁਣਾਂ ਨਾਲ ਸੰਪੰਨ ਸੀ ਅਤੇ ਹਰ ਤਰ੍ਹਾਂ ਦੇ ਔਗੁਣਾਂ ਤੋਂ ਮੁਕਤ ਸੀ।

ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ

ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ ਪਾਨ ਕੀਤਾ, ਸ਼ਸਤਰਧਾਰੀ ਬਣੇ, ਯੁੱਧ ਵਿੱਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕਰ ਲਿਆ ਅਤੇ ਸ਼ਸਤਰਧਾਰੀ ਖਾਲਸਾ ਹਕੂਮਤ ਲਈ ਖਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਨਾ ਅਤੇ ਉਚ-ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਨਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਆਨੰਦਪੁਰ ਸਾਹਿਬ 'ਤੇ ਭਾਰੀ ਹਮਲਾ ਕਰਨ ਹਿਤ ਭੇਜਿਆ। ਨਵੰਬਰ ੧੬੯੯ ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗ਼ਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਹਮਣਾ ਨਾ ਕਰ ਸਕੀ। ਇਸ ਤਰ੍ਹਾਂ ਆਨੰਦਪੁਰ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ। ਉਪਰੰਤ ੧੭੦੦-੧੭੦੪ ਈ. ਦੇ ਸਮੇਂ ਵਿਚ ਤਿੰਨ ਯੁੱਧ ਹੋਰ ਹੋਏ ਪਰ ਹਰ ਕੋਸ਼ਿਸ਼ ਦੇ ਬਾਵਜੂਦ ਮੁਗ਼ਲ ਆਨੰਦਗੜ੍ਹ ਦਾ ਕਿਲ੍ਹਾ ਸਰ ਨਾ ਕਰ ਸਕੇ। ਇਥੇ ਹੀ ਇਕ ਵਾਰ ਮੁਗ਼ਲ ਸੈਨਾ ਨੇ ਇਕ ਮਸਤ ਹਾਥੀ ਕਿਲ੍ਹੇ ਦਾ ਦਰ ਤੋੜਨ ਲਈ ਭੇਜਿਆ ਜਿਸ ਨੂੰ ਭਾਈ ਬਚਿੱਤਰ ਸਿੰਘ ਨੇ ਨਾਗਨੀ (ਇਕ ਖਾਸ ਸ਼ਸਤਰ) ਨਾਲ ਘਾਇਲ ਕਰ ਦਿੱਤਾ ਤੇ ਉਹ ਆਪਣੀ ਸੈਨਾ ਲਈ ਹੀ ਮੁਸੀਬਤ ਬਣ ਗਿਆ। ਸਭ ਤੋਂ ਭਿਆਨਕ ਯੁੱਧ ੧੭੦੪ ਵਿਚ ਹੋਇਆ ਜੋ ੬ ਮਹੀਨੇ ਜਾਰੀ ਰਿਹਾ। ਜਦੋਂ ਮੁਗ਼ਲ ਸੈਨਾ ਦੀ ਪੇਸ਼ ਨਾ ਗਈ ਤਾਂ ਉਨ੍ਹਾਂ ਇਕ ਬ੍ਰਾਹਮਣ ਅਤੇ ਇਕ ਮੌਲਵੀ ਨੂੰ ਜ਼ਾਮਨ ਬਣਾ ਕੇ ਭੇਜਿਆ ਜਿਨ੍ਹਾਂ ਨੇ ਗੀਤਾਂ ਅਤੇ ਕੁਰਾਨ ਦੀ ਸਹੁੰ ਚੁੱਕ ਕੇ ਕਿਹਾ ਕਿ ਜੇ ਗੁਰੂ ਜੀ ਕਿਲ੍ਹਾ ਛੱਡ ਦੇਣ ਤਾਂ ਯੁੱਧ ਸਮਾਪਤ ਹੋ ਜਾਵੇਗਾ ਤੇ ਉਹ ਜਿਥੇ ਚਾਹੁਣ ਜਾ ਸਕਦੇ ਹਨ। ਗੁਰੂ ਜੀ ਉਨ੍ਹਾਂ ਦੇ ਦਿਲ ਦੀ ਜਾਣਦੇ ਸਨ ਪਰ ਉਨ੍ਹਾਂ ਨੇ ਬਚਨਾਂ ਨੂੰ ਪਰਖਣ ਲਈ ਕੁਝ ਗੱਡੇ ਕੂੜ-ਕਬਾੜ ਨਾਲ ਲਦਵਾ ਕੇ ਉਪਰ ਰੇਸ਼ਮੀ ਚਾਦਰਾਂ ਪੁਆ ਦਿੱਤੀਆਂ ਅਤੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨਾ ਸਮਝ ਲਾਲਚੀ ਮੁਗ਼ਲ ਆਪਣੇ ਵੱਲੋਂ ਖਜ਼ਾਨਾ ਲੁੱਟਣ ਲਈ ਟੁੱਟ ਕੇ ਪੈ ਗਏ ਅਤੇ ਉਨ੍ਹਾਂ ਨੂੰ ਅਤਿ ਸ਼ਰਮਿੰਦਗੀ ਸਹਾਰਨੀ ਪਈ।

ਕੁਝ ਦਿਨ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਵੱਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵੱਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗਲਤੀ ਦੀ ਖ਼ਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ ੨੦ ਦਸੰਬਰ ੧੭੦੪ ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਸਰਸਾ ਦਰਿਆ ਦੇ ਕੰਢੇ ਪੁੱਜੇ। ਇਥੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਸਮਾਪਤੀ ਉਪਰੰਤ ਦਰਿਆ ਪਾਰ ਕੀਤਾ ਗਿਆ। ਤਦ ਤੱਕ ਮੁਗ਼ਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਿਵਾਰ ਨਾਲੋਂ ਵਿੱਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗ਼ਲ ਫੌਜ ਨੇ ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵੱਧਣ ਦਿੱਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ, ਇਕੱਲੇ-ਇਕੱਲੇ ਨੇ ਕਈ-ਕਈ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗ਼ਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ ੪੦ ਦੇ ਕਰੀਬ ਸਿੱਖ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲ੍ਹੇ ਮੈਦਾਨ ਵਿਚ ਛਾਉਣੀ ਪਾਈ। ਇਥੇ ਹੀ ਕੋਟਲਾ ਨਿਹੰਗ ਸਿੰਘ ਦੇ ਉਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਦੂਜੇ ਦਿਨ ਚੌਧਰੀ ਬੁੱਧੂ ਚੰਦ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਨੇ ਸੈਨਿਕ ਕੈਂਪ ਉਸ ਦੀ ਹਵੇਲੀ, ਚਮਕੌਰ ਦੀ ਗੜ੍ਹੀ ਵਿਚ ਲੈ ਆਂਦਾ। ਸਮੇਂ ਨੂੰ ਭਾਂਪਦਿਆਂ ਆਪ ਜੀ ਨੇ ਇਸ ਛੋਟੀ ਗੜ੍ਹੀ ਵਿਚ ਲੜਾਈ ਪੱਖੋਂ ਪੂਰੀ ਮੋਰਚੇਬੰਦੀ ਕਰ ਲਈ। ਜਦੋਂ ਸਰਹਿੰਦ ਦੇ ਸੂਬੇ ਵਜ਼ੀਰ ਖਾਨ ਨੂੰ ਪਤਾ ਲੱਗਿਆ ਤਾਂ ਉਸ ਨੇ ਵੱਡੀ ਗਿਣਤੀ ਦੀ ਫੌਜ ਨਾਲ ਚਮਕੌਰ ਦੀ ਗੜ੍ਹੀ ਨੂੰ ਜਾ ਘੇਰਿਆ। ਉਸ ਨੇ ਨਗਾਰੇ ਦੀ ਆਵਾਜ਼ ਨਾਲ ਕਿਹਾ ਕਿ ਜੇ ਗੁਰੂ ਜੀ ਅਤੇ ਸਿੱਖ ਉਸ ਦੀ ਸ਼ਰਨ ਵਿਚ ਆ ਜਾਣ, ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਇਸ ਦਾ ਉੱਤਰ ਗੁਰੂ ਜੀ ਨੇ ਤੀਰਾਂ ਨਾਲ ਦਿੱਤਾ। ਇਕ ਪਾਸੇ ਮੁੱਲ ਖਰੀਦੀ ਬੇਸ਼ੁਮਾਰ ਮੁਗ਼ਲ ਸੈਨਾ, ਦੂਜੇ ਪਾਸੇ ਗੁਰੂ-ਪਿਆਰ ਵਿਚ ਕੁਰਬਾਨ ਹੋਣ ਵਾਲੇ ਮੁੱਠੀ ਭਰ ਮਰਜੀਵੜੇ ਸਿੱਖ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿੱਥੇ ਕੇਵਲ ੪੦ ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ-ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿੱਤ ਕਰ ਦਿੱਤਾ। ਸਿੱਖ ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।


੨੨ ਦਸੰਬਰ,੧੭੦੪ ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ, ਰਣਨੀਤੀ ਨਿਰਧਾਰਤ ਕਰਦਿਆਂ, ਪੰਜ-ਪੰਜ ਸਿੰਘਾਂ ਦੀ ਟੋਲੀ ਵੈਰੀਆਂ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗ਼ਲਾਂ ਵਿਚ ਭੜਥੂ ਪਾਈ ਰੱਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿਚੋਂ ਨਿਕਲ ਜਾਣ। 'ਕਿਹੜੇ ਪੁੱਤਰ?' ਗੁਰੂ ਜੀ ਨੇ ਉੱਤਰ ਦਿੱਤਾ, 'ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ!" ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜੱਥਾ ਵੈਰੀਆਂ 'ਤੇ ਟੁੱਟ ਪਿਆ। ਜੈਕਾਰਿਆਂ ਦੀ ਗੂੰਜ ਵਿਚ ਲਲਕਾਰਦੇ ਸਿੱਖ ਸੂਰਬੀਰਾਂ ਨੇ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤੱਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀ



ਪ੍ਰਾਪਤ ਕੀਤੀ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਤ ਹੁੰਦਿਆਂ ੧੫ ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨੇ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖ਼ਸ਼ੀਆਂ। ਛੋਟੇ ਸਾਹਿਬਜ਼ਾਦੇ ਨੇ ਅਤੇ ਉਸ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ! ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਂਹਾਂ ਪੱਕੀਆਂ ਕਰੇਗਾ।" ਕੇਵਲ ੧੧ ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ।

ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਤੱਕ ਗੁਰੂ ਜੀ ਮਾਛੀਵਾੜੇ ਪੁੱਜ ਚੁੱਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤੱਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉੱਤਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਯਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ!' ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਕਾਰ ਕਰਦੀ ਆਈ ਹੈ! ਬੱਚਿਆਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬੱਚੇ ਪ੍ਰੀਖਿਆ ਵਿਚ ਪਾਸ ਹੋਏ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ। ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫ਼ਰਮਾਨ ਕੀਤਾ, 'ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।' ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗ਼ਲ ਹਕੂਮਤ ਤੋਂ ਨਿਜਾਤ ਦਿਵਾਈ। ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨਾਲ ਪੰਜਾਬ ਵਿਚ ਐਸੀ ਜਾਗਰਤੀ ਆਈ ਕਿ ਨਿਮਾਣੀ-ਨਿਤਾਣੀ ਜਨਤਾ ਗੁਰੂ ਕੇ ਅੰਮ੍ਰਿਤ ਦੀ ਦਾਤ ਲੈ ਕੇ ਮੁਗ਼ਲਾਂ ਨਾਲ ਜੂਝਣ ਵਾਲੇ ਜਥਿਆਂ ਵਿਚ ਸ਼ਾਮਲ ਹੋਣ ਲੱਗ ਗਈ ਅਤੇ ਕੁਝ ਸਾਲਾਂ ਵਿਚ ਹੀ ਮੁਗ਼ਲ ਹਕੂਮਤ ਦੇ ਪੈਰ ਉਖੜ ਗਏ ਤੇ ਪੰਜਾਬ ਵਿਚ ਪੰਜਾਬੀਆਂ ਦਾ ਆਪਣਾ ਰਾਜ ਸਥਾਪਤ ਹੋ ਗਿਆ।

ਅਸੀਂ ਵਾਰ-ਵਾਰ ਨਮਸਕਾਰ ਕਰਦੇ ਹਾਂ, ਸਾਹਿਬਜ਼ਾਦਿਆਂ ਦੀ ਮਹਾਨ ਕਰਣੀ ਨੂੰ ਅਤੇ ਉਨ੍ਹਾਂ ਸੰਗ ਸ਼ਹੀਦ ਹੋਏ ਗੁਰੂ ਜੀ ਦੇ ਸਭ ਸੰਗੀਆਂ-ਸਾਥੀਆਂ ਨੂੰ ਜਿਨ੍ਹਾਂ ਨੇ ਸੱਚ ਦੀ, ਅਮਨ ਦੀ, ਆਜ਼ਾਦੀ ਦੀ ਲੜਾਈ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ। ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਬੇਮਿਸਾਲ ਹੈ।



# Working Committee Meeting





# Working Committee Meeting











# Working Committee Meeting







# MATRIMONIAL



Suitable match for May 86 born, Asst. Prof. (Ph.d), 5’2” Labana Sikh Girl. Father Senior Class I officer, Only brother Army officer. Contact M.: 94169-72724.

Match for Gursikh Lubana Boy, Aug. 85, 5’9” M.Tech., Asst. Prof. in Reputed College. Father retired Bank Manager, Only sister married, Mother M.A. B.Ed. house wife. Contact 0171-2650251, 94667-18079, Email: singhonkar@yahoo.com.

“Tall Medico/Suitable match for 35yrs. 5’9” handsome, cleanshaven MBBS, MD (Cardiology) boy. Divorce. Working Max Multispeciality Hospital Dehradon. Packege 13 Lacs p.a. Haryana (Kurukshetra) based Lubana Sikh Family. Father Lt. Col. (Retd.) Upper Caste no bar.” Contact : 088138-61709, 098960-33785

Match for Lubana Sikh M.A. B.Ed. Regular Govt. Teacher. 5’6”/1978. Upper Caste no bar. Match is Physically Handicaped. Girl should be fair and homely. Early marriage. Married or Divorcee is also considerable. Please contact with biodata & photograph. Email: romibassi94@gmail.com. Contact No. 82849-21526

Seeking medico tall beautiful preferably pursuing MD/MS match for handsome lubana Sikh boy 5’9”/1989 convent educated doing MS (Gen. Surg.) Only sister vet doctor married USA. Parents class 1 officers. Caste no bar. Correspond with recent photo. Email:lubanapps@rediffmail.com. Contact 95015-88433

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਠੰਢੇ ਬੁਰਜ ’ਚੋਂ ਗੂੰਜਦਾ ਪੈਗ਼ਾਮ

ਕੁਲਵੰਤ ਕੌਰ (ਡਾ.)




ਪੰਜ ਦਰਿਆਵਾਂ ਦੀ ਸਰਜ਼ਮੀ ਪੰਜਾਬ ਦੀ ਇਤਿਹਾਸਕ ਭੋਇੰ ਸਰਹਿੰਦ ਸਦੀਆਂ ਤੋਂ ਸਿੱਖ ਇਤਿਹਾਸ ਦੀ ਚਰਚਿਤ ਨਗਰੀ ਰਹੀ ਹੈ। ਜਦੋਂ ਜਦੋਂ ਵੀ ਸਰਹਿੰਦ ਦਾ ਜ਼ਿਕਰ ਆਉਂਦੈ ਕਲਗੀਧਰ ਪਾਤਿਸ਼ਾਹ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਦੀ ਤਸਵੀਰ ਆਪ ਮੁਹਾਰੇ ਅੱਖਾਂ ਅੱਗੇ ਸਾਕਾਰ ਹੋ ਜਾਂਦੀ ਹੈ। ਦੁਨੀਆਂ ਦਾ ਇਕ ਅਤਿਅੰਤ ਦਰਦੀਲਾ, ਕਹਿਰੀਲਾ, ਸਾਹ ਸੂਤਵਾਂ ਅਤੇ ਸ਼ੋਕਮਈ ਵਾਕਿਆ ਇਸ ਧਰਤੀ ’ਤੇ ਵਾਪਰਨ ਕਾਰਨ ਇਹ ਪੰਜਾਬ ਜਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਪੂਰੇ ਸੰਸਾਰ ਦੇ ਇਤਿਹਾਸ ਦੀ ਸਭ ਤੋਂ ਵੱਧ ਜ਼ਿਕਰਯੋਗ ਸੱਥਲੀ ਬਣ ਚੁੱਕੀ ਹੈ। ਸਰਹਿੰਦ ਦੇ ਵਿਚੋਂ ਹੀ ਨਿਕਲੀ ਸ੍ਰੀ ਫਤਹਿਗੜ੍ਹ ਸਾਹਿਬ ਦੀ ਨਗਰੀ ਅੱਜ ਪੂਰੇ ਜ਼ਮਾਨੇ ਦੀ ਸਿਜਦਾ-ਨਗਰੀ ਬਣ ਚੁੱਕੀ ਹੈ ਜਿੱਥੇ ਠੰਢੇ ਬੁਰਜ ਵਿਚ ਕੈਦ ਨੰਨ੍ਹੇ ਦੁਲਾਰੇ ਅਤੇ ਤਿਆਗਮਈ ਦਾਦੀ ਮਾਂ ਗੁਜਰੀ ਜੀ ਨੇ ਤੁਅੱਸਬੀ ਅਤੇ ਮੁਤੱਸਬੀ ਵਜ਼ੀਰ ਖਾਂ ਦੇ ਨਾਪਾਕ ਇਰਾਦਿਆਂ ਅੱਗੇ ਫੌਲਾਦ ਵਾਂਗ ਅੜਦਿਆਂ ਸ਼ਹੀਦੀ ਜਾਮ ਤਾਂ ਪੀ ਲਏ ਪਰੰਤੂ ਆਪਣੇ ਪੁਰਖਿਆਂ ਦੇ ਲਾਸਾਨੀ ਧਰਮ ਨੂੰ ਆਂਚ ਨਾ ਆਉਣ ਦਿੱਤੀ। ਸ਼ਖ਼ਸ਼ੀ ਆਜ਼ਾਦੀ, ਮਾਨਵੀ ਗੌਰਵ ਦੀ ਰੱਖਿਆ, ਸੱਚ, ਧਰਮ ਅਤੇ ਨੇਕੀ ਦੀ ਕਾਇਮੀ ਹਿਤ ਦਸ਼ਮੇਸ਼ ਪਿਤਾ ਨੂੰ ਲਾਸਾਨੀ ਲੋਰੀਆਂ ਸੁਣਾਉਣ ਵਾਲੀ ਮਮਤਾ ਗੁੱਧੀ ਮਾਂ ਕਿੰਨੇ ਜਪਾਂ ਤਪਾਂ ਦੀ ਸਵਾਮੀ ਸੀ ਇਸਦਾ ਜ਼ਿਕਰ ਮਹਾਂਬਲੀ ਸਤਿਗੁਰੂ ਜੀ ਬਚਿਤ੍ਰ ਨਾਟਕ ਵਿਚ ਇੰਞ ਕਰਦੇ ਹਨ -

**ਤਾਤ ਮਾਤ ਮੁਰ ਅਲਖ ਅਰਾਧਾ।**
**ਬਹੁ ਬਿਧਿ ਜੋਗ ਸਾਧਨਾ ਸਾਧਾ।**
**ਤਿਨ ਜੋ ਕਰੀ ਅਲਖ ਕੀ ਸੇਵਾ।**
**ਤਾ ਤੇ ਭਏ ਪ੍ਰਸੰਨਿ ਗੁਰ ਦੇਵਾ।**
**ਤਿਨ ਪ੍ਰਭ ਜਬ ਆਇਸ ਮੁਹਿ ਕੀਆ।**
**ਤਬ ਹਮ ਜਨਮ ਕਲੂ ਮਹਿ ਲੀਆ।**

ਸੋ, ਜ਼ੁਲਮ-ਸੰਘਾਰਕ, ਧਰਮ-ਰੱਖਿਅਕ ਪੰਥ-ਵਾਲੀ, ਲੋਕਤੰਤਰਿਕ ਪ੍ਰਣਾਲੀ ਦੇ ਮੋਢੀ ਅਤੇ ਬਾਦਸ਼ਾਹ ਦਰਵੇਸ਼ ਗੁਰੂ ਦੀ ਜਣਨੀ ਤਿਆਗੀ, ਵੈਰਾਗੀ, ਸੰਤੋਖੀ, ਸੰਜਮੀ ਅਤੇ ਪਤੀਬਰਤਾ ਅਜਿਹੀ ਬੇਮਿਸਾਲ ਹਸਤੀ ਸਨ ਜਿਨ੍ਹਾਂ ਦਾ ਸਮੁੱਚਾ ਜੀਵਨ ਹੀ ਕੁਰਬਾਨੀਆਂ ਦੀ ਗਾਥਾ ਹੈ। ਜੇ ਦਸਮੇਸ਼ ਗੁਰੂ ਨੂੰ ਸਰਬੰਸਦਾਨੀ ਕਿਹਾ ਜਾਂਦਾ ਹੈ ਤਾਂ ਇਸ ਮਹਾਂਦਾਨ ਦੀ ਸਿੱਖਿਆ ਦੀਕਿਆ ਦੇਣ ਵਾਲੀ ਸਮਰੱਥ ਮਾਂ ਨੂੰ ਸੰਬੋਧਨ ਕਰਨ ਲਈ ਸ਼ਬਦਾਂ ਦੀ ਥੁੜ ਮਹਿਸੂਸ ਹੋਣ ਲੱਗਦੀ ਹੈ। ਅੱਧੀ ਸਦੀ ਤੱਕ ਤਿਆਗ-ਮੂਰਤੀ ਪਤੀ ਨਾਲ ਉਨ੍ਹਾਂ ਦੇ ਨਾਨਕੇ ਪਿੰਡ ਵਿਚ ਸਮਾਧੀਲੀਨ ਪਤੀ (ਸ੍ਰੀ ਤੇਗ ਬਹਾਦਰ) ਦਾ ਅਨੂਠਾ ਸਾਥ ਦੇਣ, ਫਿਰ ਗੁਰੂ-ਪਤਨੀ ਵਜੋਂ ਧਰਮ-ਪ੍ਰਚਾਰ ਹਿਤ ਪੂਰੇ ਭਾਰਤ ਦਾ ਭ੍ਰਮਣ ਕਰਨ ਵਾਲੀ ਅਤੇ ਪ੍ਰਸੂਤ-ਪੀੜਾਂ ਕਾਰਨ ਪਟਨਾ ਵਿਖੇ ਕਿਆਮ ਕਰਨ ਵਾਲੀ ਵਡਭਾਗੀ ਔਰਤ ਜਦੋਂ ਜਗਤ ਦੇ ਅੱਲੋਕਾਰੇ ਬਾਲ ਗੋਬਿੰਦ ਨੂੰ ਜਨਮ ਦੇਂਦੀ ਹੈ ਤਾਂ ਉਹ ਔਰਤਪਣ ਦਾ ਗੌਰਵ ਹਾਸਿਲ ਕਰਦੀ ਹੈ। ਜ਼ੁਲਮ-ਤਸ਼ੱਦਦ ਨੂੰ ਠੱਲ੍ਹ ਪਾ ਕੇ, ਮਾਨਵੀ ਮੁੱਲਾਂ ਨੂੰ ਜੀਵੰਤ ਕਰਨ ਲਈ ਬਲੀਦਾਨੀ ਅਤੇ ਜਰਨੈਲੀ ਭਾਵਨਾਵਾਂ ਨਾਲ ਓਤਪੋਤ ਕਰਨ ਵਾਲੀ ਮਾਤਾ ਲੋਰੀਆਂ ਦੇ ਰੂਪ ਵਿਚ ਪੁਰਖਿਆਂ ਦੀਆਂ ਅਜਿਹੀਆਂ ਸਾਹਸੀ ਸਾਖੀਆਂ ਇਸ ਅਨੂਠੇ ਬਾਲ ਨੂੰ ਸੁਣਾਉਂਦੀ ਹੈ ਕਿ ਉਹ ਬਚਪਨ ਤੋਂ ਹੀ ਅਲੌਕਿਕਤਾ ਦੇ ਚਿੰਨ੍ਹ ਦਿਖਾਉਣ ਲਗਦੇ ਹਨ। ਪੁੱਤਰ ਦੀ ਅਲੂੰਈ ਉਮਰੇ ਪਤੀ-ਗੁਰੂ ਨੂੰ ‘ਹਿੰਦ ਦੀ ਚਾਦਰ’ ਬਣ ਚਾਂਦਨੀ ਚੌਂਕ ਵਿਖੇ ਸ਼ਹਾਦਤ ਲਈ ਤੋਰਨ ਵਾਲੀ ਅਤੇ ਮੁੜ ਬਾਲ-ਗੁਰੂ ਦੀ ਸਰਪ੍ਰਸਤ, ਰਹਿਬਰ, ਅਗਵਾਨ ਅਤੇ ਸਲਾਹਕਾਰ ਬਣ ਕੇ ਭਵਿੱਖ ਦੀ ਤਕਦੀਰ ਘਾੜਕ ਕੇਵਲ ਅਤੇ ਕੇਵਲ ਮਾਂ ਗੁਜਰੀ ਸਨ - ਸੁਘੜ, ਸੁਸ਼ੀਲ, ਸਚਿਆਰੀ ਤੇ ਸੂਝਵਾਨ ਮਾਂ ਗੁਜਰੀ ਨੇ ਦਾਦੀ ਮਾਂ ਦੇ ਰੂਪ ਵਿਚ ਵੀ ਦੋਹਾਂ ਪੋਤਰਿਆਂ ਨੂੰ ਗੁਰੂ ਘਰ ਦੀ ਬੇਜੋੜ ਕੁਰਬਾਨੀ ਦੀ ਗਾਥਾ ਸੁਣਾਉਂਦਿਆਂ, ਦਾਦੇ-ਪੜਦਾਦੇ ਦੀ ਕਰਨੀ-ਕਥਨੀ ਦੀ ਇਕਮਿਕਤਾ ਦਰਸਾਉਂਦਿਆਂ, ਸੀਸ ਦੇਣ ਪਰ ਸਿਰ ਨਾ ਝੁਕਾਉਣ ਦੀ ਸਿੱਖਿਆ ਦ੍ਰਿੜ੍ਹਾਉਂਦਿਆਂ ਅਤੇ ਸਭ ਕੁਝ ਮਨੁੱਖਤਾ ਦੀ ਭਲਾਈ ਲਈ ਵਾਰਨ ਦਾ ਪਾਠ ਪੜ੍ਹਾਉਂਦਿਆਂ ਚਾਰਾਂ ਪੋਤਰਿਆਂ ਨੂੰ ਅਜਿਹੀ ਗੁੜਤੀ ਦਿੱਤੀ ਕਿ ਉਹ ਪੂਰੀ ਦੁਨੀਆਂ ਦਾ ਇਕ ਲਾਮਿਸਾਲ ਕ੍ਰਿਸ਼ਮਾ ਕਰਦਿਆਂ ਅਤੇ ਪਿਤਾ-ਪੁਰਖਿਆਂ ਵੱਲੋਂ ਉਪਦੇਸ਼ਿਆ ਸੰਸਾਰ ਦਾ ਮਹਾਨ ਅਤੇ ਵਿਲੱਖਣ ਧਰਮ ਨਿਭਾਉਂਦਿਆਂ ਹੱਸ-ਹੱਸ ਜਿੰਦਾਂ ਵਾਰ ਗਏ - ਦੋ ਸੰਸਾਰ ਦੀ ਸਭ ਤੋਂ ਵੱਡੀ ਅਸਾਵੀਂ ਜੰਗ ਵਿਚ ਅਤੇ ਦੋ ਨਵਾਬ ਸਰਹਿੰਦ ਦੇ ਕਾਲੇ ਮਨਸੂਬਿਆਂ ਨੂੰ ਵੰਗਾਰਦਿਆਂ। ਫ਼ੈਜ਼ ਅਹਿਮਦ ਫ਼ੈਜ਼ ਨੇ ਕਿੰਨਾ ਖ਼ੂਬ ਕਿਹਾ ਹੈ-

**ਯਹ ਜਾਂ ਤੋ ਆਨੀ ਜਾਨੀ ਹੈ**
**ਇਸ ਜਾਂ ਕੀ ਤੋ ਕੋਈ ਬਾਤ ਨਹੀਂ।**
**ਜਿਸ ਧਜ ਸੇ ਕੋਈ ਮਕਤਲ ਮੇਂ ਗਯਾ**
**ਵੋਹ ਸ਼ਾਨ ਸਲਾਮਤ ਰਹਿਤੀ ਹੈ।**




ਨਿਆਰੇ ਪੁੱਤਰ, ਨੂੰਹਾਂ ਅਤੇ ਚਾਰੇ ਪੋਤਰਿਆਂ ਨੂੰ ਇਤਿਹਾਸਕ ਜੀਵਨ-ਜਾਂਚ ਸਿਖਾਉਣ ਵਾਲੀ ਮਾਂ ਗੁਜਰੀ ਨਾ ਕੇਵਲ ਸਿੱਖ ਇਤਿਹਾਸ ਦੀ ਹੀ ਸਗੋਂ ਵਿਸ਼ਵ ਇਤਿਹਾਸ ਦੀ ਉਹ ਮਿਸਾਲੀ ਜਣਨੀ ਹੋ ਨਿਬੜਦੀ ਹੈ ਜਿਸਨੇ ਪਚਾਸੀ ਸਾਲਾਂ ਦੀ ਬਿਰਧ ਉਮਰੇ ਸੱਤ ਅਤੇ ਨੌਂ ਸਾਲਾਂ ਦੇ ਭੋਲੇ-ਭਾਲੇ ਪੋਤਰਿਆਂ ਨੂੰ ਸਰਹਿੰਦ ਦੇ ਠੰਢੇ ਬੁਰਜ ਵਿਚ ਨਜ਼ਰਬੰਦੀ ਦੌਰਾਨ ਅਜਿਹੇ ਬੀਰਤਾਪੂਰਨ ਸਾਕੇ ਸੁਣਾਏ, ਅਜਿਹੀ ਸਿੱਖਿਆ ਦ੍ਰਿੜ੍ਹਾਈ ਅਤੇ ਅਜਿਹਾ ਹੌਸਲਾ ਦਿੱਤਾ ਕਿ ਦੰਭੀ ਅਤੇ ਜਾਬਰ ਨਵਾਬ ਨੂੰ ਡੁੱਬ ਮਰਨ ਜੋਗਾ ਕਰਦਿਆਂ ਨੰਨ੍ਹੇ ਸਾਹਿਬਜ਼ਾਦੇ ਨਾ ਨੀਹਾ ਵਿਚ ਚਿਣੇ ਜਾਣੋਂ ਘਬਰਾਏ ਅਤੇ ਨਾ ਤਲਵਾਰ ਨਾਲ ਕੱਟੇ ਜਾਣ ਸਮੇਂ ਡੋਲੇ।

ਲੋਭ, ਲਾਲਚ, ਪ੍ਰੇਰਣਾ, ਡਰ, ਰੋਹਬ, ਜਬਰ ਅਤੇ ਮੌਤ ਦੇ ਭੈਅ ਤੋਂ ਅਭਿੱਜ ਸਾਹਿਬਜ਼ਾਦੇ ਓਸ ਵੀਰ ਦਾਦੀ ਦੀ ਅਡੋਲ ਤੇ ਨਿਰਭੈ ਸ਼ਖ਼ਸੀਅਤ ਦਾ ਪ੍ਰਤਿਰੂਪ ਸਨ ਜਿਸਨੇ ਚੌਦਾਂ ਜੰਗਾਂ ਸਮੇਂ ਮਹਾਂਯੋਧੇ ਪੁੱਤਰ ਦੇ ਅੰਗ-ਸੰਗ ਰਹਿ ਕੇ ਉਸ ਨੂੰ ਲਾਸਾਨੀਅਤ ਦੀ ਸਿੱਖ-ਮਤਿ ਦਿੱਤੀ ਸੀ। ਸੁੱਚਾ ਨੰਦ ਦੇ ਸ਼ਬਦਾਂ ਵਿਚ ਕਵੀ ਨੇ ਕਿੰਨਾ ਵਜ੍ਹਾ ਆਖਿਆ ਹੈ –

**ਨੀਕੇ ਬਾਲਕ ਤੁਮ ਮਤ ਜਾਨਹੁ।**
**ਨਾਗੋ ਕੇ ਇਹ ਪੁਤ ਬਖਾਨੋ।**
**ਤੁਮਰੇ ਹਾਥ ਆਜ ਇਹ ਆਏ**
**ਕਰਹੁ ਅਬੈ ਆਪਨੇ ਮਨ ਭਾਏ।**

ਮਹਾਂਕਵੀ ਸੰਤੋਖ ਸਿੰਘ ਜੀ ਨੇ ਬੱਚਿਆਂ ਦੀ ਅਜ਼ੀਮ ਸ਼ਹਾਦਤ ਬਾਰੇ ਕਿੰਨਾ ਖ਼ੂਬ ਲਿਖਿਆ ਹੈ–

**ਅਧਮ ਤਬੈ ਤਲਵਾਰ ਚਲਾਈ**
**ਸਿਰ ਜ਼ੋਰਾਵਰ ਸਿੰਘ ਦਯੋ ਗਿਰਾਈ।**
**ਬਹੁਤ ਦੂਸਰੋ ਵਾਰ ਪਰਹਾਰਾ**
**ਫਤਹਿ ਸਿੰਘ ਕੋ ਸੀਸ ਉਤਾਰਾ।**
**ਹਾਹਾਕਾਰ ਜਹਾਂ ਕਹਿ ਪਯੋ**
**ਜੈ ਜੈ ਸ਼ਬਦ ਤਰਨਿ ਮਹਿ ਬਿਯੋ।**
**ਧੰਨ ਗੁਰੂ ਸੁਤ ਧੀਰਜ ਧਾਰੀ**
**ਧਰਮ ਹੇਤ ਸਿਰ ਦਿਯੋ ਉਤਾਰੀ।**

ਇੰਞ, ਧਰਮ ਹੇਤ ਸਾਕਾ ਕਰਨ ਵਾਲੇ ਯੋਧੇ ਦਾਦਾ-ਗੁਰੂ ਸ੍ਰੀ ਤੇਗ਼ ਬਹਾਦਰ ਜੀ ਦੇ ਅਭੋਲ ਪੋਤਰਿਆਂ ਨੇ ਵੀ ਧਰਮ ਨੂੰ ਬਰਕਰਾਰ ਰੱਖਦਿਆਂ ਸੀਸ ਭੇਂਟ ਦੇ ਦਿੱਤੀ ਪਰੰਤੂ ਅੱਜ ਅਸੀਂ ਇਸ ਧਰਮ ਦੇ ਵਾਰਿਸ ਕਿਹੜੇ ਔਵੜੇ ਰਾਹਾਂ ਵਿਚ ਭਟਕਣ ਲੱਗੇ ਹਾਂ? ਦਸ਼ਮੇਸ਼-ਦੁਲਾਰਿਆਂ ਦੀ ਅਦੁੱਤੀ ਕੁਰਬਾਨੀ ਤੋਂ ਅਸੀਂ ਕੀ ਸਿੱਖਿਆ ਹੈ?

ਮਾਂ ਗੁਜਰੀ ਦੇ ਠੰਢੇ ਬੁਰਜ ਦੇ ਪੈਗ਼ਾਮ ਨੂੰ ਅਸੀਂ ਕਿਉਂ ਵਿਸਾਰ ਦਿੱਤਾ ਹੈ? ਅਸੀਂ ਧਰਮ ਨੂੰ ਸਿਆਸਤ ਦੇ ਅਧੀਨ ਕਰਕੇ ਕਿਉਂ ਇਸ ਲਾਸਾਨੀ ਧਰਮ ਦਾ ਮਜ਼ਾਕ ਉਡਾਉਣ 'ਤੇ ਤਾਰੂ ਹਾਂ? ਠੰਢੇ ਬੁਰਜ 'ਚੋਂ ਗੂੰਜਦਾ ਧਰਮ ਦਾ ਸੱਚਾ ਸੱਚਾ ਸੁਨੇਹਾ ਸਾਡੇ ਚੇਤਿਆਂ ਵਿਚ ਕਿਉਂ ਦਸਤਕ ਨਹੀਂ ਦਿੰਦਾ?


ਪਿਛਲੇ ਸਮਿਆਂ ਵਿਚ ਅਕਸਰ ਫਤਹਿਗੜ੍ਹ ਸਾਹਿਬ ਦੀ ਪਾਕੀਜ਼ ਭੂਮੀ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ। ਹਰ ਪਿੰਡ, ਹਰ ਨਗਰ, ਹਰ ਗਲੀ, ਹਰ ਮੋੜ 'ਤੇ ਇਕ ਅਭੁੱਲ ਵੀ ਨਜ਼ਾਰਾ ਹੁੰਦੇ – ਨੰਨ੍ਹੇ ਸ਼ਹੀਦਾਂ ਦੀ ਯਾਦ ਵਿਚ ਥਾਂ-ਥਾਂ ਲੰਗਰ ਲਗਦੇ ਹਨ। ਵੱਧ ਤੋਂ ਵੱਧ ਸਵਾਦੀ ਪਕਵਾਨ। ਕਿਤੇ ਬਿਸਕੁਟ, ਕਿਤੇ ਪਕੌੜੇ, ਕਿਤੇ ਬਰੈਡ, ਕਿਤੇ ਦਾਲ, ਕਿਤੇ ਸਬਜ਼ੀ ਅਤੇ ਕਿਤੇ ਦੁੱਧ। ਹਰ ਬਸਤੀ ਦੂਜੀ ਨਾਲੋਂ ਬਾਜ਼ੀ ਮਾਰਨ ਦੇ ਚੱਕਰ ਵਿਚ। ਵਿਖਾਵਾ, ਪ੍ਰਦਰਸ਼ਨ, ਫੋਕੀ ਸ਼ੋਹਰਤ ਅਤੇ ਮੁਕਾਬਲੇਬਾਜ਼ੀ ਵਿਚ ਪੰਜਾਬੀਆਂ ਦਾ ਕੋਈ ਸਾਨੀ ਨਹੀਂ ਪਰ ਜਿਨ੍ਹਾਂ ਨੰਨ੍ਹੀਆਂ ਜਿੰਦਾਂ ਨੇ ਧਰਮ ਦੀ ਖ਼ਾਤਿਰ ਇਹ ਕ੍ਰਿਸ਼ਮੇ ਕੀਤੇ ਕੀ ਆਪਾਂ ਉਨ੍ਹਾਂ ਦੇ ਬਲੀਦਾਨ ਤੋਂ ਧਰਮ ਵਿਚ ਸਾਬਤ ਸੂਰਤ ਰਹਿਣ ਦੀ ਵੀ ਸਿੱਖਿਆ ਲਈ ਹੈ ਜਾਂ ਲੈਣ ਲਈ ਤਿਆਰ ਹਾਂ?

ਮਾਂ ਗੁਜਰੀ ਪੁਕਾਰ-ਪੁਕਾਰ ਕੇ ਅੱਜ ਵਾਸਤੇ ਪਾ ਰਹੀ ਹੈ ਕਿ ਉੱਠੋ ਸਿਖੋ! ਜਾਗੋ! ਪਤਿਤਪੁਣੇ ਨੂੰ ਠੱਲ੍ਹ ਪਾਓ! ਪਰ ਹਰ ਬੱਚਾ ਅੱਜ ਅੰਗਰੇਜ਼ੀ ਦਾ ਗ਼ੁਲਾਮ ਬਣਨ ਲਈ ਤਤਪਰ ਹੈ। ਹਰ ਬੱਚਾ ਅੱਜ ਹੀਰੋ ਵਾਲੀ ਦਿੱਖ ਬਣਾਉਣ ਲਈ ਬੇਕਰਾਰ ਹੈ। ਹਰ ਲੜਕੀ ਅੱਜ ਬੰਬਈਆ ਨਾਇਕਾਵਾਂ ਵਾਂਗ ਦਿਸਣ ਲਈ ਕੇਸਾਂ ਦੀ ਬੇਅਦਬੀ 'ਤੇ ਬਜ਼ਿਦ ਹੈ। ਕੇਸਾਂ ਦੀ ਸੌਗਾਤ ਅੱਜ ਨਾਈਆਂ ਦੀਆਂ ਦੁਕਾਨਾਂ ਤੇ ਰੁਲ ਰਹੀ ਹੈ। ਬਿਊਟੀ ਸੈਲੂਨਾਂ ਵਿਚ ਭੀੜਾਂ ਹਨ। ਕੀ ਬੱਚੇ ਤੇ ਕੀ ਵੱਡੇ ਸਭੇ ਸਾਬਤ ਸੂਰਤ ਰਹਿਣ ਤੋਂ ਇਨਕਾਰੀ। ਕੀ ਠੰਢੇ ਬੁਰਜ 'ਚੋਂ ਗੂੰਜਦੇ ਬੋਲ ਅੱਜ ਸਾਨੂੰ ਸੁਣਾਈ ਨਹੀਂ ਦਿੰਦੇ?

ਕੀ ਅਸੀਂ ਸ੍ਰੀ ਕੇਸਗੜ੍ਹ ਸਾਹਿਬ ਦੇ ਤਿੰਨ ਸਦੀਆਂ ਪਹਿਲੇ ਸਾਕੇ ਨੂੰ ਭੁਲਾ ਦਿੱਤਾ ਹੈ? ਕਿਉਂ ਸਾਡੇ ਧਾਰਮਿਕ ਲੀਡਰ ਇਤਿਹਾਸਕ ਸਥਾਨਾਂ ਤੇ ਹਾਜ਼ਰੀਆਂ ਭਰਦਿਆਂ ਵੀ ਨਿੱਜੀ ਕੁਰਸੀਆਂ ਤੇ ਸਿਆਸਤ ਦੀਆਂ ਹੀ ਗੱਲਾਂ ਕਰਦੇ ਹਨ? ਵਾਸਤਾ ਈ ਰੱਬ ਦਾ, ਲੋਕੋ! ਆਪਣਾ ਫ਼ਰਜ਼ ਪਛਾਣੋ! ਤੇ ਠੰਢੇ ਬੁਰਜ 'ਚੋਂ ਗੂੰਜਦੇ ਬੋਲਾਂ ਨੂੰ ਸੁਣਨ ਲਈ ਵਿਹਲ ਕੱਢੋ!

ਕਿਸ਼ਤ-11

# ਗੁਰ ਸਾਗਰ ਦੇ ਸੁੱਚੇ ਮੋਤੀ




**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ


ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।

ਸੰਪਾਦਕ

## ਦਾਸ ਦੀ ਸ਼ਾਦੀ ਲਈ ਵਿਚਾਰ ਤੇ ਰਿਸ਼ਤਾ

ਆਪ ਜੀ ਪਿੱਛੇ ਜਿਸ ਤਰ੍ਹਾਂ ਦਾਸ ਦੇ ਉੱਤੇ ਹਰ ਇਕ ਤਰ੍ਹਾਂ ਨਾਲ ਕਿਰਪਾ ਕਰਦੇ ਰਹੇ, ਹੁਣ ਆਪ ਜੀ ਦਾਸ ਦੀ ਸ਼ਾਦੀ ਲਈ ਭੀ ਬਹੁਤ ਯਤਨ ਕਰਦੇ ਸਨ। ਮੇਰੇ ਵਿੱਦਿਆ ਦਾਤੇ ਸਤਿਕਾਰਯੋਗ ਗਿ. ਸੁੰਦਰ ਸਿੰਘ ਜੀ ਭਿੰਡਰਾਂਵਾਲੇ ਹਮੇਸ਼ਾ ਵਾਂਗ ਮੁਰਾਲੇ ਦੇ ਧਾਰਮਿਕ ਸਮਾਗਮ ਤੇ 13-14-15 ਭਾਦਰੋਂ ਨੂੰ ਪੁੱਜੇ। ਦਾਸ ਭੀ ਜੋੜ ਮੇਲੇ ਤੇ ਪੁੱਜਾ ਸੀ। ਗਿਆਨੀ ਜੀ ਨੂੰ ਮਿਲਿਆ, ਮਿਲ ਕੇ ਬੜੇ ਖੁਸ਼ ਹੋਏ। ਸਭ ਸੁਖ ਸਾਂਦ ਪੁੱਛੀ। ਕਹਿਣ ਲੱਗੇ-ਤੇਰਾ ਸਾਨੂੰ ਪਤਾ ਲੱਗਾ ਹੈ ਕਿ ਤੂੰ ਸ਼ਾਦੀ ਕਰ ਰਿਹਾ ਹੈ। ਮੈਂ ਕਿਹਾ-ਜੀ ਹਾਂ, ਜਿਸ ਤਰ੍ਹਾਂ ਮਹਾਰਾਜ ਬਾਬਾ ਜੀ ਹੁਕਮ ਕਰਨਗੇ। ਕਹਿਣ ਲੱਗੇ-ਗ੍ਰਿਹਸਤ ਵਿਚ ਫਸ ਜਾਵੇਂਗਾ। ਤੇਰੇ ਤੇ ਕਈ ਆਸਾਂ ਉਮੀਦਾਂ ਸਨ ਤੂੰ ਇਹ ਕੀ ਪ੍ਰੋਗਰਾਮ ਬਣਾ ਲਿਆ।

ਮੈਂ ਬੜੇ ਸਤਿਕਾਰ ਨਾਲ ਕਿਹਾ ਕਿ ਮਹਾਰਾਜ ਮੈਂ ਚੰਗੀ ਤਰ੍ਹਾਂ ਵੇਖਿਆ ਹੈ, ਕੋਈ ਚੰਦ ਤੁਹਾਡੇ ਵਰਗੇ ਮਹਾਂਪੁਰਖ ਹਨ, ਬਾਕੀ ਸਭ ਸਾਧਾਂ ਵਿਚ ਭੀ ਠਾਠਾ ਬਾਗਾ ਹੀ ਹੈ। ਮੇਰਾ ਜਦੋਂ ਪੱਕਾ ਇਰਾਦਾ ਵੇਖਿਆ ਤਾਂ ਕਹਿਣ ਲੱਗੇ-ਚੰਗਾ ਜੇਕਰ ਤੇਰਾ ਪੱਕਾ ਇਰਾਦਾ ਸ਼ਾਦੀ ਕਰਾਉਣ ਦਾ ਬਣ ਗਿਆ ਹੈ ਤਾਂ ਫਿਰ ਮਹੰਤ ਸਾਹਿਬਾਂ ਨੂੰ (ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ) ਤੇਰੀ ਸ਼ਾਦੀ ਆਪ ਕਰਾਉਣੀ ਚਾਹੀਦੀ ਹੈ। ਮੈਂ ਕਿਹਾ-ਜੀ ਉਹ ਅੱਗੇ ਹੀ ਆਪ ਯਤਨ ਕਰ ਰਹੇ ਹਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਗਿਆਨੀ ਜੀ ਨੇ ਆਪ ਬੜੇ ਜ਼ੋਰ ਨਾਲ ਕਿਹਾ ਕਿ ਚੇਤ ਸਿੰਘ ਨੇ ਤੁਹਾਡੀ ਬੜੀ ਸੇਵਾ ਕੀਤੀ ਹੈ ਤੇ ਜੇਕਰ ਹੁਣ ਇਸ ਦਾ ਸ਼ਾਦੀ ਕਰਾਉਣ ਦਾ ਮਨ ਬਣ ਗਿਆ ਹੈ ਤਾਂ ਫਿਰ ਤੁਸੀਂ ਆਪ ਇਸਦੀ ਸ਼ਾਦੀ ਕਰਾਓ। ਜੇਕਰ ਤੁਸੀਂ ਇਸ ਦੀ ਸ਼ਾਦੀ ਨਹੀਂ ਕਰਾਉਣੀ ਤਾਂ ਅਸੀਂ ਆਪ ਹੀ ਇਸਦੀ ਸ਼ਾਦੀ ਕਰ ਦਿੰਦੇ ਹਾਂ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕਿਹਾ ਕਿ ਨਹੀਂ ਸਾਨੂੰ ਫਿਕਰ ਹੈ, ਜਲਦੀ ਹੀ ਇਸ ਦੀ ਸ਼ਾਦੀ ਹੋ ਜਾਵੇਗੀ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਨਕੇ ਪਿੰਡ ਗਹੋਤ ਪੋਹਕਰ ਜ਼ਿਲ੍ਹਾ ਗੁਰਦਾਸਪੁਰ ਵਿਚ ਸਨ। ਜੈਸਾ ਕਿ ਪਹਿਲੇ ਮੈਂ ਬਾਬਾ ਵਸਾਵਾ ਸਿੰਘ ਜੀ ਦੀ ਸ਼ਾਦੀ ਦਾ ਜ਼ਿਕਰ ਗਹੋਤ ਪੋਹਕਰ ਕਰਨ ਦੇ ਲੇਖ ਵਿਚ ਕਰ ਆਇਆ ਹਾਂ, ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਨਾ ਜੀ ਸ. ਭੋਲਾ ਸਿੰਘ ਜੀ ਦੇ ਸਪੁੱਤਰ ਸ. ਘਨਈਆ ਸਿੰਘ ਜੀ ਸਨ। ਸ. ਘਨਈਆ ਸਿੰਘ ਜੀ ਦੇ ਸਪੁੱਤਰ ਸ. ਊਧਮ ਸਿੰਘ ਜੀ, ਸ. ਤਾਬਾ ਸਿੰਘ ਜੀ, ਸ. ਫੂਲਾ ਸਿੰਘ ਜੀ, ਸ. ਦੂਲਾ ਸਿੰਘ ਜੀ ਅਤੇ ਸ. ਸ਼ੰਕਰ ਸਿੰਘ ਜੀ ਸਨ। ਮਹਾਂਪੁਰਖ ਗਹੋਤੀ ਬਾਬੇ ਬਕਾਲੇ ਦੇ ਬੁੰਗੇ ਦੀ ਉਗਰਾਹੀ ਦੇ ਸੰਬੰਧ ਵਿਚ ਗਏ। ਆਪ ਜੀ ਨੇ ਆਪਣੇ ਮਾਮੇ ਦੇ ਪੁੱਤਰ ਭਾਈ ਦੂਲਾ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਮਾਤਾ ਈਸ਼ਰ ਕੌਰ ਨੂੰ ਕਿਹਾ ਕਿ ਪਤਾ ਲੱਗਾ ਹੈ ਕਿ ਤੁਹਾਡੀ ਲੜਕੀ ਵਰ ਯੋਗ ਹੈ, ਇਸਦਾ ਰਿਸ਼ਤਾ ਗਿਆਨੀ ਚੇਤ ਸਿੰਘ ਨਾਲ ਕਰ ਦਈਏ। ਦੋਹਾਂ ਨੇ ਹੱਥ ਜੋੜ ਕੇ ਕਿਹਾ ਮਹਾਰਾਜ! ਸਭ ਬੱਚੇ ਬੱਚੀਆਂ ਆਪ ਜੀ ਦੀਆਂ ਹਨ, ਜਿਸ ਤਰ੍ਹਾਂ ਯੋਗ ਸਮਝੋ, ਜਿਥੇ ਚਾਹੋ ਆਪ ਕਰੋ। ਇਹ ਦੋਨੋਂ ਬੜੇ ਹੀ ਗੁਰਮੁਖ ਸਨ।

ਭਾਈ ਦੂਲਾ ਸਿੰਘ ਜੀ ਨੇ ਨੌਕਰੀ ਕੀਤੀ ਹੋਈ ਸੀ। ਨਾਮ ਦੀ ਚੰਗੀ ਰੰਗਣ ਚੜ੍ਹੀ ਹੋਈ ਸੀ। ਮਾਤਾ ਈਸ਼ਰ ਕੌਰ ਦਾ ਪੇਕਾ ਘਰ ਬੜਾ ਗੁਰਮੁਖ ਪਰਿਵਾਰ ਸੀ। ਪੰਜ ਭਰਾ ਸਨ, ਪੰਜੇ ਫੌਜ ਵਿਚ ਨੌਕਰ। ਆਪਣਾ ਗੁਰਦੁਆਰਾ ਬਣਾਇਆ ਹੋਇਆ ਸੀ। ਵੱਡੇ ਭਾਈ ਅਰੂੜ ਸਿੰਘ ਜੀ ਰਸਾਲੇ ਵਿਚ ਗ੍ਰੰਥੀ ਦੀ ਸੇਵਾ ਕਰਦੇ ਸਨ। ਇਨ੍ਹਾਂ ਦਾ ਪਿੰਡ ਸਲ੍ਹੋ ਪੁਰਾ ਜ਼ਿਲ੍ਹਾ ਗੁਰਦਾਸਪੁਰ ਕਾਹਨੋਂਵਾਨ ਦੇ ਪਾਸ ਹੈ। ਮਾਤਾ ਈਸ਼ਰ ਕੌਰ ਗੁਰਮੁਖੀ ਪੜ੍ਹੇ ਹੋਏ ਸਨ, ਇਸ ਲਈ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਰੱਖੀ ਹੋਈ

ਸੀ। ਰੋਜ਼ ਪ੍ਰਕਾਸ਼ ਕਰਦੇ, ਦਰਸ਼ਨ ਕਰਦੇ ਤੇ ਨਿਤਨੇਮ ਕਰਦੇ ਸਨ। ਇਸ ਤਰ੍ਹਾਂ ਮਾਤਾ ਈਸ਼ਰ ਕੌਰ ਜੀ ਨੇ ਅਤੇ ਭਾਈ ਦੂਲਾ ਸਿੰਘ ਜੀ ਨੇ ਮਹਾਂਪੁਰਖਾਂ ਦਾ ਬਚਨ ਸਤ ਕਰਕੇ ਮੰਨ ਲਿਆ ਤੇ ਰਿਸ਼ਤਾ ਹੋ ਗਿਆ। ਮਹਾਂਪੁਰਖਾਂ ਨੇ ਕਿਸੇ ਰੋਕੇ, ਠਾਕੇ, ਸ਼ਗਨ ਆਦਿ ਦੀ ਕੋਈ ਲੋੜ ਨਾ ਸਮਝੀ। ਕੇਵਲ ਅਰਦਾਸ ਆਪ ਜੀ ਨੇ ਆਪ ਹੀ ਕਰ ਦਿੱਤੀ।

## ਦੁਆਬੇ ਤੇ ਮਨੌਰ ਦੀ ਲੁਬਾਣਾ ਬਰਾਦਰੀ ਦਾ ਸਮਝੌਤਾ

ਇਕ ਗੱਲ ਇਥੇ ਦੱਸਣਯੋਗ ਹੈ ਕਿ ਬਾਹਰ ਫੌਜਾਂ ਵਿਚ ਮਨੌਰ ਤੇ ਦੁਆਬੇ ਦੇ ਸਰਦਾਰ ਆਪਸ ਵਿਚ ਝਗੜਦੇ ਰਹਿੰਦੇ ਸਨ। ਜਦੋਂ ਇਹ ਪਿੰਡਾਂ ਵਿਚ ਆ ਗਏ ਤਾਂ ਇਥੇ ਭੀ ਫੌਜਾ ਦੇ ਝਗੜਿਆਂ ਦੇ ਆਧਾਰ ਉੱਤੇ ਭੀ ਅਤੇ ਕੁਝ ਮਨੌਰ ਦੇ ਕਿਸੇ ਸਰਦਾਰ ਵੱਲੋਂ ਦੁਆਬੇ ਦੀ ਲੁਬਾਣਾ ਬਰਾਦਰੀ ਦੇ ਸੰਬੰਧੀ ਵਿਚ ਮਾੜੇ ਸ਼ਬਦ, ਮਾੜੀ ਬੋਲੀ ਦੇ ਕਾਰਨ ਦੁਆਬੇ ਦੇ ਸਰਦਾਰਾਂ, ਜਿਨ੍ਹਾਂ ਦੇ ਮੋਢੀ ਲਫਟੈਨ ਲੈਹਣਾ ਸਿੰਘ ਗਾਲੋਵਾਲੀਏ ਸਨ, ਇਕ ਕਮੇਟੀ ਬਣਾ ਕੇ ਫੈਸਲਾ ਕੀਤਾ ਕਿ ਕਾਲਰ ਮਨੌਰ ਦੀ ਲੁਬਾਣਾ ਬਰਾਦਰੀ ਨਾਲ ਕੋਈ ਰਿਸ਼ਤਾ ਨਾ ਕੀਤਾ ਜਾਵੇ। ਜਿਹੜੇ ਰਿਸ਼ਤੇ ਹੋਏ ਹਨ, ਉਹ ਭੀ ਵਾਪਸ ਕੀਤੇ ਜਾਣ, ਨਾ ਲੜਕੀ ਦਾ ਨਾ ਕਿਸੇ ਲੜਕੇ ਦਾ ਰਿਸ਼ਤਾ ਹੋਵੇ। ਜਿਹੜਾ ਕਰੇਗਾ ਉਸ ਨੂੰ ਬਰਾਦਰੀ ਵਿਚੋਂ ਛੇਕਿਆ ਜਾਵੇਗਾ। ਇਸ ਗੱਲ ਦਾ ਲਫਟੈਨ ਲੈਹਣਾ ਸਿੰਘ ਆਦਿ ਇਧਰ ਦੇ ਸਰਦਾਰਾਂ ਨੂੰ ਪਤਾ ਸੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਗਿਆਨੀ ਚੇਤ ਸਿੰਘ ਦਾ ਰਿਸ਼ਤਾ ਭਾਈ ਦੂਲਾ ਸਿੰਘ ਗਹੋਤਾ ਵਾਲਿਆਂ ਦੀ ਲੜਕੀ ਨਾਲ ਕੀਤਾ ਹੋਇਆ ਹੈ। ਇਨ੍ਹਾਂ ਗਹੋਤੀ ਚਿੱਠੀਆਂ ਭੇਜ ਦਿੱਤੀਆਂ ਕਿ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਨਹੀਂ ਕਰਨੀ। ਜੇਕਰ ਕਰੋਗੇ ਤਾਂ ਬਰਾਦਰੀ ਵਿੱਚੋਂ ਤੁਹਾਨੂੰ ਛੇਕ ਦਿੱਤਾ ਜਾਵੇਗਾ। ਉਸ ਦਾ ਉੱਤਰ ਮਾਤਾ ਈਸ਼ਰ ਕੌਰ ਨੇ ਇਹ ਦਿੱਤਾ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਹੁਕਮ ਨਾਲ ਜਿਥੇ ਅਸੀਂ ਰਿਸ਼ਤਾ ਕੀਤਾ ਹੈ, ਉਥੇ ਹੀ ਰਹੇਗਾ। ਜਿਹੜੀ ਗੱਲ ਤੁਸੀਂ ਕਹਿੰਦੇ ਹੋ ਕਿ ਜੇਕਰ ਤੁਸੀਂ ਬਰਾਤ ਮੰਗਵਾਈ ਤਾਂ ਬਰਾਤ ਵਾਪਸ ਕੀਤੀ ਜਾਵੇਗੀ ਤਾਂ ਅਸੀਂ ਆਪਣੀ ਬੱਚੀ ਦੀ ਸ਼ਾਦੀ ਉੱਥੇ ਹੀ ਕਰਾਂਗੇ, ਜਿਥੇ ਅਸੀਂ ਜ਼ਬਾਨ ਕੀਤੀ ਹੈ। ਸ਼ਾਦੀ ਭਾਵੇਂ ਸਾਨੂੰ ਅਕਾਲ ਤਖ਼ਤ ਸਾਹਿਬ ਜਾ ਕੇ ਨਾ ਕਰਨੀ ਪਵੇ। ਬੜਾ ਖੜਕਾ ਕੇ ਲੈਫਟੈਨ ਲੈਹਣਾ ਸਿੰਘ ਜੀ ਨੂੰ ਇਨ੍ਹਾਂ ਉੱਤਰ ਭੇਜਿਆ। ਇਸ ਸਾਰੀ ਗੱਲ ਦੀ ਖਬਰ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਭੀ ਪੁੱਜੀ। ਉਨ੍ਹਾਂ ਦਾਸ ਨਾਲ ਗੱਲ ਕੀਤੀ। ਕਹਿਣ ਲੱਗੇ-ਕਿਸ ਤਰ੍ਹਾਂ ਕਰੀਏ? ਮੈਂ ਕਿਹਾ-ਜੀ ਰਿਸ਼ਤਾ ਤਾਂ ਹੋਰ ਜਿਥੇ ਭੀ ਤੁਸੀਂ ਚਾਹੋਗੇ ਉਥੇ ਹੋ ਜਾਵੇਗਾ, ਪਰ ਰਿਸ਼ਤਾ ਸਿਰੇ ਨਾ ਚੜ੍ਹੇ ਤਾਂ ਆਪ ਜੀ ਦੀ ਸ਼ਾਨ 'ਚ ਫਰਕ ਪਵੇਗਾ।

ਇਸ ਸਾਰੀ ਗੱਲ ਨੂੰ ਸੋਚ ਕੇ ਆਪ ਜੀ ਨੇ 1929 ਈ. ਦੀ ਰੱਖੜ-ਪੁੰਨਿਆਂ ਤੇ ਇਕ ਦੁਆਬੇ ਅਤੇ ਮਨੌਰ ਕਾਲਰ ਦੇ ਸਰਦਾਰਾਂ ਦਾ ਇਕੱਠ ਬਾਬੇ ਬਕਾਲੇ ਸੱਦਿਆ। ਸਭ ਵੱਡੇ ਸਰਦਾਰ ਕਾਲਰ, ਮਨੌਰ ਤੇ ਦੁਆਬੇ ਦੇ ਇਕੱਠੇ ਹੋਏ। ਆਪਸ ਵਿਚ ਬੜੇ ਉੱਧਰ ਇੱਧਰ ਗਿਲ੍ਹੇ ਛੰਡੇ। ਮਹਾਂਪੁਰਸ਼ਾਂ ਨੇ ਕਿਹਾ ਕਿ ਟੁੱਟਦੇ ਟੁੱਟ ਜਾਵੋਗੇ ਅਤੇ ਵਾਪਸ ਦੀ ਖਿੱਚੋਤਾਣ ਕਰਕੇ ਹੋਰ ਦੂਰ-ਦੂਰ ਹੋ ਜਾਵੋਗੇ, ਕੁਝ ਸੋਚ ਕੋਲੋਂ ਕੰਮ ਲਵੋ। ਅਖ਼ੀਰ ਮਹਾਂਪੁਰਖਾਂ ਦਾ ਬਚਨ ਮੰਨ ਕੇ ਆਪਸ ਵਿਚ ਸਮਝੌਤਾ ਕਰ ਲਿਆ ਤੇ ਅੱਗੇ ਨੂੰ ਰਿਸ਼ਤਿਓਂ ਤੇ ਲਾਈ ਪਾਬੰਦੀ ਹਟਾ ਲਈ।

## ਦਾਸ ਦੀ ਸ਼ਾਦੀ

ਇਥੇ ਹੀ ਮਾਤਾ ਈਸ਼ਰ ਕੌਰ ਤੇ ਭਾਈ ਦੂਲਾ ਸਿੰਘ ਜੀ ਭੀ ਆਏ ਹੋਏ ਸਨ। ਉਨ੍ਹਾਂ ਨਾਲ ਸਲਾਹ ਕਰਕੇ ਅੱਸੂ ਦੇ ਪਹਿਲੇ ਨੌਰਾਤੇ ਦਾ ਵਿਆਹ ਮੁਕੱਰਰ ਕਰ ਦਿੱਤਾ। ਦਾਸ ਤਾਂ ਮਹਾਂਪੁਰਖਾਂ ਦੇ ਨਾਲ ਹੀ ਸੀ ਤੇ ਕੁਝ ਰਿਸ਼ਤੇਦਾਰ ਉਨ੍ਹਾਂ ਦੇ ਭੀ ਆਏ ਹੋਏ ਸਨ। ਸ਼ਾਦੀ ਦੀ ਤਰੀਕ ਸਾਰਿਆਂ ਨੂੰ ਦੱਸ ਦਿੱਤੀ ਤੇ ਨਿਯਤ ਤਰੀਕ ਤੇ ਅਸੀਂ ਬਰਾਤ ਲੈ ਕੇ ਬੱਸ ਤੇ ਗਹੋਤੀ ਪੁੱਜੇ। ਮਹਾਂਪੁਰਖ ਸਾਡੇ ਤੋਂ ਪਹਿਲੇ ਹੀ ਪੁੱਜੇ ਹੋਏ ਸਨ। ਆਪ ਜੀ ਨੇ ਆਪ ਕੀਰਤਨ ਕੀਤਾ। ਭਰੇ ਦੀਵਾਨ ਵਿਚ ਮਿਲਣੀ ਹੋ ਗਈ। ਸਵੇਰੇ ਆਪ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਲਾਵਾਂ ਵੀ ਮਹਾਂਪੁਰਖਾਂ ਨੇ ਆਪ ਹੀ ਪੜ੍ਹੀਆਂ। ਅਨੰਦ ਕਾਰਜ ਹੋ ਗਿਆ। ਬਰਾਤ ਨੂੰ ਰੋਟੀ ਭੀ ਆਪ ਜੀ ਨੇ ਆਪਣੀ ਹੱਥੀ ਖੁਆਈ। ਦੋ ਰਾਤਾਂ ਰਹਿ ਡੋਲਾ ਲੈ ਕੇ ਅਸੀਂ ਭਖੜੇ ਆਲੀ ਆ ਗਏ। ਮਹਾਂਪੁਰਖ ਮੁਰਾਲੇ ਪੁੱਜ ਗਏ। ਇਹ ਸਾਰੀ ਗੱਲ ਦਾਸ ਨੂੰ ਦੱਸਣ ਦੀ ਇਸ ਲਈ ਲੋੜ ਪਈ ਕਿ ਦਾਸ ਦੇ ਉੱਤੇ ਤਾਂ ਆਪ ਜੀ ਨੇ ਕਿਤਨੇ ਉਪਕਾਰ ਕੀਤੇ, ਮੈਨੂੰ ਤਾਂ ਜੀਵਨ ਹੀ ਆਪ ਨੇ ਦਿੱਤਾ। ਦੂਸਰਾ ਬਰਾਦਰੀ ਦੀ ਆਪਸ ਵਿਚ ਪਈ ਦੁਬਿਧਾ ਨੂੰ ਉਹ ਬਹੁਤ ਮਹਿਸੂਸ ਕਰਦੇ ਸਨ ਅਤੇ ਬਹੁਤ ਦੁਖ ਅਨੁਭਵ ਕਰਦੇ ਸਨ ਕਿ ਕਿਸ ਤਰ੍ਹਾਂ ਆਪਣੀਆਂ ਖੁਦਗਰਜ਼ੀਆਂ ਨੂੰ ਤੇ ਬੋਲ ਕੁਬੋਲ ਨੂੰ ਸਾਹਮਣੇ ਰੱਖ ਕੇ, ਸਾਰੀ ਬਰਾਦਰੀ ਨੂੰ ਮੂੰਹ ਅੱਗੇ ਰੱਖ ਕੇ ਆਪਣੇ-ਆਪਣੇ ਵੈਰ ਵਿਰੋਧ ਕੱਢਦੇ ਹਨ। ਮੈਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਹਮਦਰਦੀ ਅਤੇ ਪਿਆਰ ਨੂੰ ਵੇਖ ਕੇ ਹੈਰਾਨ ਸਾਂ, ਜਿਨ੍ਹਾਂ ਦੇ ਅੰਦਰ ਬਰਾਦਰੀ ਦੀ ਫੁੱਟ ਦਾ ਕਿਤਨਾ ਦੁੱਖ ਸੀ, ਜਿਸ ਨੂੰ ਆਪ ਨੇ ਉਚੇਚਾ ਇਕੱਠ ਬੁਲਾ ਕੇ ਦੋਹਾਂ ਪਾਸਿਆਂ ਦੇ ਸੰਬੰਧਤ ਸਰਦਾਰਾਂ ਨੂੰ ਸਮਝਾ ਕੇ ਦੂਰ ਕੀਤਾ। ਜੇਕਰ ਇਨ੍ਹਾਂ ਦਾ ਸਮਝੌਤਾ ਨਾ ਕਰਾਂਦੇ ਤਾਂ ਕਈ ਝਗੜੇ ਵਧਦੇ ਤੇ ਆਪਸ ਵਿਚ ਮਿਲ ਬੈਠਣ ਜੋਗੇ ਨਾ ਰਹਿੰਦੇ, ਕਈ ਰਿਸ਼ਤੇ ਇੱਧਰ ਉੱਧਰ ਹੋਏ ਭੀ ਟੁੱਟ ਜਾਂਦੇ। ਪਰਉਪਕਾਰੀ ਮਹਾਂਪੁਰਖਾਂ ਨੇ ਆਪਸ ਵਿਚ ਵਧਦੀ ਦੁਬਿਧਾ ਦੂਰ ਕਰਾ ਕੇ ਸ਼ਾਂਤ ਵਾਤਾਵਰਣ ਪੈਦਾ ਕਰ ਦਿੱਤਾ। ਸੰਤ ਬਾਬਾ ਪ੍ਰੇਮ ਸਿੰਘ ਜੀ ਧੰਨ ਸਨ, ਜਿਨ੍ਹਾਂ ਦੇ ਅੰਦਰ ਲੁਬਾਣਾ ਬਰਾਦਰੀ ਦੀ ਹਰ ਇਕ ਤਰ੍ਹਾਂ ਨਾਲ ਹਮਦਰਦੀ ਸੀ।

## ਬਰਾਦਰੀ ਵਿਚੋਂ ਵਹਿਮਾਂ ਨੂੰ ਦੂਰ ਕਰਨ ਲਈ ਭਾਰੀ ਦਲੇਰੀ

1. ਇਕ ਪਿੰਡ ਟਾਂਡਾ ਚੂਹੜੀਆਂ ਜੋ ਮੁਕੇਰੀਆਂ ਤਹਿਸੀਲ ਵਿਚ ਹੈ, ਉਥੋਂ ਦੀ ਸੰਗਤ ਨੇ ਆਪ ਜੀ ਦੀ ਸੇਵਾ ਵਿਚ ਮੁਰਾਲੇ ਪੁੱਜ ਕੇ ਨਗਰ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਨਿਯਤ ਦਿਨ ਤੇ ਆਪ ਜੀ ਇਥੇ ਪੁੱਜੇ। ਸੰਗਤ ਨੇ ਬੜਾ ਸੁਆਗਤ ਕੀਤਾ। ਆਪ ਜੀ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ। ਬਹੁਤ ਸਾਰੀ ਸੰਗਤ ਨੇ ਅੰਮ੍ਰਿਤ ਛਕਿਆ। ਇਥੇ ਕੁਝ ਟਾਹਲੀਆਂ ਸਨ, ਜਿਨ੍ਹਾਂ ਤੋਂ ਕੋਈ ਡਰਦਾ ਇਕ ਟਾਹਣੀ ਭੀ ਨਹੀਂ ਸੀ ਵੱਢਦਾ। ਕਹਿੰਦੇ ਸਨ ਕਿ ਇਨ੍ਹਾਂ ਟਾਹਲੀਆਂ ਵਿਚੋਂ ਕੋਈ ਟਾਹਣੀ ਵੱਢੀ ਜਾਵੇ ਤਾਂ ਟਾਹਣੀ ਵਿਚੋਂ ਖ਼ੂਨ ਵਗਣ ਲੱਗ ਪੈਂਦਾ ਹੈ। ਇਸ ਵਹਿਮ ਨੂੰ ਦੂਰ ਕਰਨ ਲਈ ਮਹਾਂਪੁਰਖਾਂ ਨੇ ਕਿਹਾ-ਅਸੀਂ ਟਾਹਲੀਆਂ ਵੱਢਣ ਲਈ ਪਹਿਲੇ ਕੁਹਾੜਾ ਮਾਰਾਂਗੇ, ਪਰ ਇਨ੍ਹਾਂ ਟਾਹਲੀਆਂ ਦੀ ਲੱਕੜ ਕਿਸੇ ਗੁਰਦੁਆਰੇ ਦੀ ਸੇਵਾ ਲਈ ਲਾਈ ਜਾਵੇਗੀ। ਸੰਗਤ ਨੇ ਕਿਹਾ-ਜਿਸ ਤਰ੍ਹਾਂ ਆਪ ਜੀ ਚਾਹੋ ਕਰੋ, ਪਰ ਟਾਹਲੀਆਂ ਨੂੰ ਪਹਿਲੇ ਆਪ ਜੀ ਕੁਹਾੜਾ ਮਾਰੋ। ਆਪ ਜੀ ਨੇ ਅਰਦਾਸ ਕੀਤੀ, ਸਤਿਗੁਰਾਂ ਦਾ ਆਸਰਾ ਲੈ ਕੇ ਪਹਿਲੇ ਆਪ ਕੁਹਾੜਾ ਮਾਰਿਆ। ਪਿੱਛੋਂ ਹੋਰ ਸਿੰਘਾਂ ਨੇ ਟਾਹਲੀਆਂ ਵੱਢਣੀਆਂ ਸ਼ੁਰੂ ਕੀਤੀਆਂ। ਸਭ

ਟਾਹਲੀਆਂ ਵੱਢ ਕੇ ਇਹਨਾਂ ਦੀ ਲੱਕੜ ਆਪ ਜੀ ਨੇ ਇਥੋਂ ਲਿਜਾ ਕੇ ਕਿਸੇ ਗੁਰਦੁਆਰੇ ਦੀ ਸੇਵਾ ਤੇ ਲਾਈ, ਟਾਹਲੀਆਂ ਵਿਚੋਂ ਕੋਈ ਖ਼ੂਨ ਨਾ ਵਗਿਆ।

2. ਇਸੇ ਤਰ੍ਹਾਂ ਕੋਟ ਪਿੰਡੀ ਦਾਸ ਭੀ ਕੁਝ ਟਾਹਲੀਆਂ ਸਨ, ਉਨ੍ਹਾਂ ਟਾਹਲੀਆਂ ਨੂੰ ਭੀ ਕੋਈ ਡਰਦਾ ਹੱਥ ਨਹੀਂ ਸੀ ਲਾਉਂਦਾ। ਉਹ ਭੀ ਆਪ ਜੀ ਨੇ ਅਰਦਾਸਾ ਸੋਧ ਕੇ ਪਹਿਲੇ ਟੱਕ ਲਾਇਆ ਤੇ ਸਾਰੀਆਂ ਦੀ ਲੱਕੜ ਸ੍ਰੀ ਨਨਕਾਣਾ ਸਾਹਿਬ ਦੇ ਬੁੰਗੇ ਤੇ ਲੁਆਈ।

3. ਦਾਸ ਨੇ ਨਗਰ ਭਖੜੇ ਆਲੀ ਇਕ ਪੀਰ ਦਾ ਛੱਪੜ ਵੱਜਦਾ ਸੀ। ਉਸ ਦੇ ਉੱਤੇ ਇਕ ਬੜੀ ਪੁਰਾਣੀ ਟਾਹਲੀ ਸੀ, ਜਿਸ ਨੂੰ ਕੋਈ ਹੱਥ ਨਹੀਂ ਸੀ ਲਾਂਦਾ। ਮਹਾਂਪੁਰਖਾਂ ਨੇ ਅਰਦਾਸਾ ਸੋਧ ਕੇ ਉਸ ਟਾਹਲੀ ਨੂੰ ਵਢਵਾਇਆ ਅਤੇ ਬੜੀ ਕਾਲੀ ਸ਼ਾਹ ਲੱਕੜ, ਜੋ ਗੁਰਦੁਆਰੇ ਦੀਆਂ ਚੁਗਾਠਾਂ ਅਤੇ ਦਰਵਾਜ਼ਿਆਂ ਵਿਚ ਵਰਤੀ ਗਈ। ਇਕ ਬਹੁਤ ਸਾਰਾ ਵੱਡਾ ਪਿੱਪਲ ਸੀ। ਇਸ ਪਿੱਪਲ ਦੀ ਥਾਂ ਤੇ ਗੁਰਦੁਆਰਾ ਬਨਾਉਣਾ ਸੀ, ਉਸ ਨੂੰ ਵੱਢਣ ਲਈ ਕੋਈ ਹੀਆ ਨਹੀਂ ਸੀ ਕਰਦਾ। ਉਹ ਭੀ ਆਪ ਜੀ ਨੇ ਪਹਿਲੇ ਕੁਹਾੜੇ ਨਾਲ ਟੱਕ ਲਾਇਆ ਤੇ ਪਿੱਪਲ ਵਢਵਾ ਕੇ ਉੱਥੇ ਆਪ ਜੀ ਨੇ ਬੜੀ ਸ਼ਾਨਦਾਰ ਗੁਰਦੁਆਰੇ ਦੀ ਬਿਲਡਿੰਗ ਬਣਵਾਈ।

4. ਇਸੇ ਤਰ੍ਹਾਂ ਜੈਸਾ ਕਿ ਪਹਿਲੇ ਦੱਸ ਆਇਆ ਹਾਂ, ਬਜ਼ੁਰਗਵਾਲ ਪਿੰਡ ਵਿਚ ਡੋਲੀਆਂ ਖਿਡਾਉਣ ਵਾਲਿਆਂ ਦੇ ਘਰਾਂ ਵਿਚ ਥਾਨ ਬਣੇ ਹੋਏ ਸਨ। ਉਹ ਆਪ ਜੀ ਨੇ ਕਹੀ ਲੈ ਕੇ ਪੁੱਟੇ ਤੇ ਉਨ੍ਹਾਂ ਦੇ ਝੁੰਡੇ ਤੇ ਖੁੰਡੀਆਂ ਸਭ ਆਪਣੇ ਨਾਲ ਲਿਜਾ ਕੇ ਗੁਰਦੁਆਰੇ ਦੀ ਇਕ ਨੀਂਹ ਵਿਚ ਸੁਟਵਾ ਕੇ ਉੱਤੇ ਇੱਟਾਂ ਦੀ ਚਿਣਾਈ ਕਰਵਾ ਦਿੱਤੀ। ਇਸ ਤਰ੍ਹਾਂ ਆਪ ਮਨਮਤਾਂ ਤੇ ਵਹਿਮਾਂ ਨੂੰ ਦੂਰ ਕਰਨ ਲਈ ਬੜੇ ਦ੍ਰਿੜ੍ਹ ਸਨ, ਬੜੇ ਦਲੇਰ ਸਨ। ਇਸ ਤਰ੍ਹਾਂ ਦੇ ਵਹਿਮਾਂ ਦੀ ਜਿਥੇ ਭੀ ਆਪ ਜੀ ਨੂੰ ਖਬਰ ਲੱਗ ਜਾਂਦੀ, ਉਥੇ ਉਚੇਚੇ ਪੁੱਜ ਕੇ ਉਹ ਵਹਿਮ ਦੂਰ ਕਰਦੇ। ਉਨ੍ਹਾਂ ਵਿਚ ਆਤਮਕ ਸ਼ਕਤੀ ਸੀ, ਇਸ ਲਈ ਉਹ ਅਜਿਹੀਆਂ ਵਹਿਮਾਂ ਅਤੇ ਮਨਮਤਾਂ ਨੂੰ ਦੂਰ ਕਰਨ ਲਈ ਬੜੀ ਨਿਡਰਤਾ ਨਾਲ ਗੁਰੂ ਆਸਰਾ ਲੈ ਕੇ, ਆਪਣੀ ਹੱਥੀ ਕੁਹਾੜਾ ਫੜ ਕੇ ਅਜਿਹੇ ਕੁਕਰਮਾਂ ਨੂੰ ਜੜ੍ਹਾਂ ਤੋਂ ਪੁੱਟ ਦਿੰਦੇ ਸਨ। ਲੋਕਾਂ ਨੂੰ ਮਨਮਤਾਂ ਤੇ ਵਹਿਮਾਂ ਤੋਂ ਹਟਾ ਕੇ ਗੁਰਮਤ ਦੇ ਸਿੱਧੇ ਰਸਤੇ ਚੱਲਣ ਦਾ ਉਪਦੇਸ਼ ਦਿੰਦੇ ਸਨ ਤੇ ਸਿੱਖੀ ਦੇ ਸਿੱਧੇ ਰਸਤੇ ਚੱਲਣ ਦੀ ਪ੍ਰੇਰਨਾ ਕਰਦੇ ਸਨ।

## ਸ. ਗੁਰਦਿੱਤ ਸਿੰਘ ਜੀ ਆਸਟਰੇਲੀਆ ਵਾਲਿਆਂ ਦੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਵਸੀਅਤ

ਸ. ਗੁਰਦਿੱਤ ਸਿੰਘ ਜੀ ਦਾ ਜਨਮ ਪਿੰਡ ਸੰਤਪੁਰਾ ਜ਼ਿਲ੍ਹਾ ਗੁਜਰਾਤ ਦਾ ਸੀ। ਕਈ ਸਾਲਾਂ ਤੋਂ ਆਸਟਰੇਲੀਆ ਵਿਚ ਕੱਪੜੇ ਦਾ ਵਪਾਰ ਕਰਦੇ ਸਨ। ਇਨ੍ਹਾਂ ਦਾ ਕੋਈ ਬੱਚਾ ਨਹਿਆ ਸੀ। ਸਿੰਘਣੀ ਨੂੰ ਨਾਲ ਨਹੀਂ ਸਨ ਲਿਜਾਂਦੇ। ਇਕੱਲੇ ਹੀ ਉਥੇ ਜਾ ਕੇ ਵਪਾਰ ਕਰਦੇ ਸਨ। ਇਨ੍ਹਾਂ ਦਾ ਇਕ ਭਰਾ ਸ. ਲਾਲ ਸਿੰਘ ਸੀ, ਉਸ ਦਾ ਵਪਾਰ ਦਾ ਕੰਮ ਇਥੇ ਹੀ ਚੰਗਾ ਸੀ। ਕਈ ਵੇਰ ਸ. ਗੁਰਦਿੱਤ ਸਿੰਘ ਨੇ ਭਰਾ ਨੂੰ ਆਸਟਰੇਲੀਆ ਮੰਗਾਉਣ ਦਾ ਯਤਨ ਕੀਤਾ, ਪਰ ਸ. ਲਾਲ ਸਿੰਘ ਕਹਿੰਦੇ ਕਿ ਮੇਰਾ ਇਥੇ ਹੀ ਆਸਟਰੇਲੀਆ ਹੈ। ਦੇਵਨਾਤ ਕੁਦਰਤ ਦੀ ਖੇਲ! ਸ. ਗੁਰਦਿੱਤ ਸਿੰਘ ਜੀ ਦੀ ਮੌਤ ਹੋ ਗਈ। ਆਪਣੀ ਮੌਤ ਤੋਂ ਪਹਿਲਾਂ ਉਹਨਾਂ ਨੇ ਆਸਟਰੇਲੀਆ ਦੇ ਮਕਾਨ, ਬੈਂਕਾਂ ਦਾ ਰੁਪਿਆ ਆਦਿ ਸਾਰੀ ਜਾਇਦਾਦ ਦੀ ਵਸੀਅਤ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਮ ਕਰ ਦਿੱਤੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਜੀ ਦੇ ਭਰਾ ਭਾਈ ਲਾਲ ਸਿੰਘ ਜੀ ਨੂੰ ਆਸਟਰੇਲੀਆ ਮੁਖਤਾਰਨਾਮਾ ਦੇ ਕੇ ਭੇਜਿਆ। ਇਨ੍ਹਾਂ ਉਥੇ ਜਾ ਕੇ ਮਕਾਨ ਵੇਚੇ। ਉਸ ਦੀ ਰਕਮ ਭੀ ਅਤੇ ਬੈਂਕਾਂ ਵਿਚ ਜੋ ਰਕਮ ਸੀ, ਉਹ ਭੀ ਸਭ ਹਿੰਦੁਸਤਾਨ ਦੇ ਬੈਂਕ ਪੰਜਾਬ ਨੈਸ਼ਨਲ ਬੈਂਕ ਵਿਚ ਜਾਂ ਜਿਥੇ ਕਿ ਆਪ ਜੀ ਦਾ ਅਕਾਊਂਟ ਸੀ, ਟਰਾਂਸਫਰ ਕਰਾ ਦਿੱਤੀ ਅਤੇ ਕੁਝ ਦਿਨਾਂ ਪਿੱਛੋਂ ਸਾਰੀ ਕਾਰਵਾਈ ਕਰਕੇ ਭਾਈ ਲਾਲ ਸਿੰਘ ਵਾਪਸ ਆ ਗਏ।

## ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਸੇਵਾ ਦਾ ਫਲ

ਸ. ਗੁਰਦਿੱਤ ਸਿੰਘ ਜੀ ਦੀ ਇਹ ਸਾਰੀ ਰਕਮ ਕਿਸੇ ਕੰਪਨੀ ਦੇ ਪਾਸ ਜਮ੍ਹਾਂ ਸੀ. ਉਸ ਨਾਲ ਲਿਖਾਪੜ੍ਹੀ ਦੀ ਸਾਰੀ ਕਾਰਵਾਈ ਅੰਗਰੇਜ਼ੀ ਵਿਚ ਮੁਰਾਲੇ ਦੇ ਚੌਧਰੀ ਫਜ਼ਲ ਅਲਾਹੀ ਜੋ ਨਵੇਂ-ਨਵੇਂ ਹੀ ਵਕੀਲ ਬਣੇ ਸਨ, ਉਹ ਲਿਖ ਕੇ ਕਰਦੇ ਰਹੇ। ਚੌਧਰੀ ਫਜ਼ਲ ਅਲਾਹੀ ਉਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਬੜੇ ਖੁਸ਼ ਸਨ ਅਤੇ ਜਦੋਂ ਵੀ ਆਪ ਬੁਲਾਉਂਦੇ ਉਦੋਂ ਝੱਟ ਆ ਜਾਂਦੇ। ਆਪ ਜੀ ਦੇ ਉੱਤੇ ਬੜੀ ਸ਼ਰਧਾ ਰੱਖਦੇ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਕਿਸੇ ਪਾਸੋਂ ਐਵੇਂ ਕੰਮ ਨਹੀਂ ਸੀ ਕਰਾਉਂਦੇ। ਜੋ ਕਿਸੇ ਦਾ ਹੱਕ ਬਣਦਾ ਹੋਵੇ ਉਸ ਤੋਂ ਵੱਧ ਉਸ ਨੂੰ ਦੇ ਕੇ ਖੁਸ਼ੀ ਪ੍ਰਗਟ ਕਰਦੇ ਸਨ। ਇਹ ਤਾਂ ਦਾਸ ਨੂੰ ਪਤਾ ਨਹੀਂ ਕਿ ਉਸ ਨੂੰ ਕੀ ਦਿੱਤਾ ਸੀ, ਪਰ ਉਸ ਨੂੰ ਉਸ ਦੇ ਕੰਮ ਬਦਲੇ ਕਾਫੀ ਰਕਮ ਦੇ ਕੇ ਖੁਸ਼ ਕੀਤਾ। ਚੌਧਰੀ ਫਜ਼ਲ ਅਲਾਹੀ ਨੇ ਬੜੀ ਸ਼ਰਧਾ ਅਤੇ ਪਿਆਰ ਨਾਲ ਸੇਵਾ ਕੀਤੀ, ਜਿਸ ਦਾ ਫਲ ਚੌਧਰੀ ਫਜ਼ਲ ਅਲਾਹੀ ਨੂੰ ਇਹ ਪ੍ਰਾਪਤ ਹੋਇਆ ਕਿ ਅੱਗੇ ਜਾ ਕੇ ਭੁਟੋ ਦੇ ਸਮੇਂ ਵਿਚ ਉਹ ਪਾਕਿਸਤਾਨ ਦੇ ਰਾਸ਼ਟਰਪਤੀ ਬਣੇ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅੱਜ ਤੱਕ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਰਿਣੀ ਹੈ। ਚੌਧਰੀ ਫਜ਼ਲ ਅਲਾਹੀ ਦੀ ਮੌਤ ਪਿਛੋਂ ਭੀ ਉਨ੍ਹਾਂ ਦੇ ਭਰਾ ਨੇ ਆਪਣੇ ਦਫਤਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫੋਟੋ ਹੁਣ ਤੱਕ ਰੱਖੀ ਹੋਈ ਹੈ, ਜੋ ਦਾਸ ਦਾ ਲੜਕਾ ਮੁਰਾਲੇ ਵੇਖ ਕੇ ਆਇਆ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਜੋ ਉਨ੍ਹਾਂ ਦੇ ਪਰਿਵਾਰ ਤੇ ਉਪਕਾਰ ਕੀਤੇ ਸਨ, ਉਹ ਯਾਦ ਕਰਦੇ ਹਨ ਤੇ ਉਨ੍ਹਾਂ ਦੇ ਗੁਣ ਗਾਉਂਦੇ ਹਨ।

## ਸ. ਗੁਰਦਿੱਤ ਸਿੰਘ ਵੱਲੋਂ ਆਈ ਰਕਮ ਦੀ ਵੰਡ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਫਰਾਖ-ਦਿਲੀ ਅਤੇ ਉਨ੍ਹਾਂ ਦੀ ਉਦਾਰਤਾ

ਆਪ ਜੀ ਵੱਲੋਂ ਕੁਝ ਰਕਮ ਪੰਜਾਬ ਨੈਸ਼ਨਲ ਬੈਂਕ ਵਿਚ ਜਮ੍ਹਾ ਸੀ। ਇਸ ਰਕਮ (133000) ਇਕ ਲੱਖ ਤੇਤੀ ਹਜ਼ਾਰ ਦੀਆਂ ਫਿਕਸ ਡਿਪਾਜ਼ਟ ਦੀਆਂ ਰਸੀਦਾਂ ਦਾਸ ਪਾਸ ਰਹੀਆਂ ਸਨ। ਇਹ ਰਕਮ ਬਾਵਾ ਹਰਨਾਮ ਸਿੰਘ ਨੇ, ਜਦੋਂ ਕੇਸ ਉਸ ਦੇ ਹੱਕ ਵਿਚ ਹੋ ਗਿਆ ਤਾਂ ਉਸ ਨੇ ਸਾਰੀ ਰਕਮ ਕਢਵਾ ਕੇ ਆਪਣੇ ਨਾਮ 'ਤੇ ਜਮ੍ਹਾ ਕਰਵਾ ਲਈ ਸੀ। ਮਹਾਂਪੁਰਖਾਂ ਨੇ ਸ. ਗੁਰਦਿੱਤ ਸਿੰਘ ਦੀ ਸਿੰਘਣੀ ਨੂੰ ਕੁਝ ਰਕਮ ਦਿੱਤੀ ਤੇ ਕੁਝ ਉਸ ਨੂੰ ਮਹੀਨੇ ਦੇ ਮਹੀਨੇ ਖਰਚ ਲਈ ਰਕਮ ਦੇਣੀ ਵੀ ਮੁਕੱਰਰ ਕਰ ਦਿੱਤੀ। ਚਾਲੀ ਹਜ਼ਾਰ ਰੁਪਯਾ ਭਾਈ ਲਾਲ ਸਿੰਘ ਜੀ ਨੂੰ ਆਪ ਜੀ ਨੇ ਨਕਦ ਦਿੱਤਾ, ਕਿਉਂਕਿ ਇਨ੍ਹਾਂ ਦਾ ਕਾਰੋਬਾਰ ਮੰਦਾ ਪੈ ਗਿਆ ਸੀ, ਇਨ੍ਹਾਂ ਸੇਵਾ ਭੀ ਬਹੁਤ ਕੀਤੀ ਸੀ। ਅੱਠ ਹਜ਼ਾਰ ਰੁਪਯਾ ਭਾਈ ਲਾਲ ਸਿੰਘ ਜੀ ਨੂੰ ਲੜਕੀ ਦੀ ਸ਼ਾਦੀ ਲਈ ਦਿੱਤਾ। ਇਕ ਲੜਕੀਆਂ ਦਾ ਸਕੂਲ ਸ. ਗੁਰਦਿੱਤ ਸਿੰਘ ਜੀ ਦੇ ਨਾਮ ਤੇ ਮੁਰਾਲੇ ਡੇਰੇ ਵਿਚ ਹੀ ਖੋਲ੍ਹ ਦਿੱਤਾ। ਮੁਰਾਲੇ ਡੇਰੇ ਦੇ ਗੁਰਦੁਆਰੇ ਵਿਚ ਰੋਜ਼ ਆਸਾ ਦੀ ਵਾਰ ਦੇ ਭੋਗ ਉਪਰੰਤ ਕੜਾਹ ਪ੍ਰਸ਼ਾਦ ਦੀ ਅਰਦਾਸ ਸ. ਗੁਰਦਿੱਤ ਸਿੰਘ ਜੀ ਵੱਲੋਂ ਆਰੰਭ ਕਰ ਦਿੱਤੀ। ਇਸ ਤਰ੍ਹਾਂ ਸ. ਗੁਰਦਿੱਤ ਸਿੰਘ ਜੀ ਦੀ ਪੁੰਨ ਦਾਨ

ਕੀਤੀ ਮਾਇਆ ਦੀ ਆਪ ਜੀ ਨੇ ਬੜੇ ਸੁਚੱਜੇ ਢੰਗ ਨਾਲ ਵੰਡ ਕੀਤੀ। ਆਪ ਜੀ ਨੇ ਇਸ ਤਰ੍ਹਾਂ ਸ. ਗੁਰਦਿੱਤ ਸਿੰਘ ਜੀ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰਨ ਲਈ ਕੀਤਾ ਅਤੇ ਬਾਵਾ ਹਰਨਾਮ ਸਿੰਘ ਜੀ ਨੇ, ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਪਿਛੋਂ, ਉਪਰੰਤ ਬੈਂਕਾਂ ਵਿਚ ਜਮ੍ਹਾ ਰੁਪਯਾ, ਜ਼ਮੀਨ ਤੇ ਸਾਰੀ ਜਾਇਦਾਦ ਲੈ ਕੇ ਕੀਤਾ, ਉਨ੍ਹਾਂ ਦੀ ਯਾਦਗਾਰ ਵੀ ਨਾ ਬਣਾ ਸਕੇ।

## ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸਰੀਰਕ ਤਕਲੀਫਾਂ

1. ਆਪ ਜੀ ਸ਼ੁਰੂ ਤੋਂ ਹੀ ਸਰੀਰ ਦੀ ਪ੍ਰਵਾਹ ਨਾ ਕਰਦੇ ਹੋਏ ਸਖ਼ਤ ਕੰਮ ਕਰਨ ਦੇ ਆਦੀ ਸਨ। ਹੇਠੋਂ ਇੱਟਾਂ ਵਗਾਹ ਕੇ ਗੋਆਂ ਤੇ ਬੈਠੇ ਸੇਵਾਦਾਰ ਜਾਂ ਮਜ਼ਦੂਰ ਨੂੰ ਪਹੁੰਚਾਉਂਦੇ ਸਨ। ਗੁਰਦੁਆਰੇ ਦਾ ਬਰਾਂਡਾ ਬਣ ਰਿਹਾ ਸੀ। ਹੇਠੋਂ ਇੱਟਾਂ ਸੁੱਟਦਿਆਂ ਸਰੀਰ ਗਰਮ ਹੋਇਆ ਸੀ, ਗੋਡਾ ਕੁਦਰਤੀ ਮਰੋੜਿਆ ਗਿਆ। ਗੋਡੇ ਦੀ ਚੱਪਣੀ ਉੱਤਰ ਗਈ। ਫਿਰ ਆਪ ਹੀ ਗੋਡੇ ਦੀ ਚੱਪਣੀ ਜ਼ੋਰ ਨਾਲ ਚਾੜ੍ਹ ਲਈ, ਜਿਸ ਕਰਕੇ ਹੱਡੀ ਕੁਝ ਕਰੈਕ ਹੋ ਗਈ, ਜਿਸ ਨਾਲ ਬਹੁਤ ਤਕਲੀਫ ਵਿਚ ਰਹੇ। ਕੁਝ ਸਮਾਂ ਤੇ ਪਾਲਕੀ ਵਿਚ ਹੀ, ਜਿਥੇ ਕੋਈ ਬਹੁਤ ਖਿੱਚ ਕਰੇ, ਉਥੇ ਪਾਠ ਆਦਿ ਦੇ ਭੋਗਾਂ ਤੇ ਜਾਂਦੇ ਰਹੇ। ਆਖ਼ਰ ਦੇਖਿਆ ਕਿ ਦਰਦ ਤੋਂ ਆਰਾਮ ਨਹੀਂ ਆਉਂਦਾ, ਫਿਰ ਜਲਾਲਪੁਰ ਜਟਾਂ ਵਿਚ ਜਾ ਕੇ ਅਪਰੇਸ਼ਨ ਕਰਾਇਆ ਤਾਂ ਆਰਾਮ ਆਇਆ।

2. ਇਕ ਵਾਰੀ ਘੋੜੀ ਬਹੁਤ ਚੰਗੀ ਲਈ ਸੀ, ਬਹੁਤ ਤੇਜ਼ ਚਲਦੀ ਸੀ। ਸਵੇਰੇ ਸੜਕ ਤੇ ਘੋੜੀ ਤੇ ਚੜ੍ਹ ਕੇ ਸੈਰ ਕਰਨ ਲਈ ਗਏ। ਘੋੜੀ ਨੇ ਨੌਂਹ ਲੈ ਲਿਆ। ਆਪ ਜੀ ਦੇ ਗੋਡਿਆਂ ਤੇ ਅਰਕਾਂ ਤੇ ਸੱਟਾਂ ਲੱਗੀਆਂ। ਕਈ ਦਿਨਾਂ ਪਿੱਛੋਂ ਆਰਾਮ ਆਇਆ।

3. 1922 ਵਿਚ ਪਿਸ਼ਾਬ ਬੰਦ ਹੋ ਗਿਆ। ਗਰਮੀ ਵਿਚ ਟਾਂਡੇ ਸਕੂਲ ਦੀ ਉਗਰਾਹੀ ਲਈ ਜਦੋਂ ਮਿੰਟਗੁਮਰੀ ਵੱਲ ਗਏ, ਜਿਸ ਦਾ ਜ਼ਿਕਰ ਪਿੱਛੇ ਕੀਤਾ ਗਿਆ ਹੈ।

4. 1932 ਵਿਚ ਸ੍ਰੀ ਤਰਨਤਾਰਨ ਸਾਹਿਬ ਦੀ ਕਾਰ ਸੇਵਾ ਕਰਕੇ ਵਾਪਸ ਜਾ ਰਹੇ ਸਨ। ਡਰਾਇਵਰ ਆਪਣੇ ਪਿੰਡ ਚਲਾ ਗਿਆ ਸੀ। ਇਸ ਲਈ ਡਰਾਇਵਰੀ ਆਪ ਹੀ ਕਰ ਰਹੇ ਸਨ। ਕਾਮੋਕਿਆਂ ਦੇ ਪਾਸ ਆਪ ਜੀ ਨੂੰ ਕੁਝ ਉਂਘਲਾ ਆਉਣ ਦੇ ਕਾਰਨ ਕਾਰ ਇਕ ਕਿੱਕਰ ਵਿਚ ਜਾ ਲੱਗੀ। ਦੋ ਬੀਬੀਆਂ ਪਿੱਛੇ ਸਨ, ਦਾਸ ਤੇ ਇਕ ਹੋਰ ਪ੍ਰੇਮੀ ਆਪ ਜੀ ਦੇ ਨਾਲ ਸੀ। ਫੌਜੀ ਨੇੜੇ ਹੀ ਮਨੂਵਰ ਤੇ ਸਨ, ਉਨ੍ਹਾਂ ਹਮਦਰਦੀ ਕੀਤੀ, ਸਾਡੀ ਕਾਰ ਆਪਣੀ ਗੱਡੀ ਦੇ ਪਿੱਛੇ ਬੰਨ੍ਹ ਲਈ। ਬੀਬੀਆਂ ਦੇ ਇਕ ਸਿੰਘ ਸੰਤਾਂ ਦੀ ਕਾਰ ਵਿਚ ਬਿਠਾ ਲਿਆ। ਫੌਜੀਆਂ ਦੀ ਗੱਡੀ ਵਿਚ ਮਹਾਂਪੁਰਖਾਂ ਨੂੰ ਲੰਮਾ ਪਾ ਲਿਆ ਤੇ ਨਾਲ ਦਾਸ ਬੈਠ ਗਿਆ। ਆਪ ਜੀ ਦੇ ਪਿੱਛੇ ਮੋਢੇ ਦੀ ਹੱਡੀ ਤੇ ਅਤੇ ਅੱਖ ਦੇ ਉੱਤੇ ਭਰਵੱਟੇ ਤੇ ਸ਼ੀਸ਼ਾ ਲੱਗਾ। ਕੁਝ ਹੋਰ ਭੀ ਸੱਟਾਂ ਲੱਗੀਆਂ। ਗੁੱਜਰਾਂਵਾਲੇ ਹਸਪਤਾਲ ਸਾਨੂੰ ਫੌਜੀਆਂ ਨੇ ਪਹੁੰਚਾਉਣਾ ਸੀ। ਰਸਤੇ ਵਿਚ ਸ. ਨਰਾਇਣ ਸਿੰਘ ਜੀ ਵਕੀਲ ਦੀ ਕੋਠੀ ਖ਼ਬਰ ਦਿੱਤੀ ਕਿ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਐਕਸੀਡੈਂਟ ਹੋ ਗਿਆ ਹੈ, ਸਰਦਾਰ ਜੀ ਨੂੰ ਕਹਿਣਾ ਕਿ ਹਸਪਤਾਲ ਪੁੱਜ ਜਾਣ। ਸਰਦਾਰ ਜੀ ਬੜੇ ਪ੍ਰੇਮੀ ਸਨ, ਖ਼ਬਰ ਮਿਲਦਿਆਂ ਹੀ ਹਸਪਤਾਲ ਪੁੱਜ ਗਏ। ਪੱਟੀਆਂ ਕਰਵਾ ਕੇ ਆਪਣੀ ਕੋਠੀ ਲੈ ਆਏ ਅਤੇ ਕਿਤਨੇ ਦਿਨ ਕੋਠੀ ਹੀ ਰੱਖ ਕੇ ਸ. ਨਰਾਇਣ ਸਿੰਘ ਹੋਰਾਂ ਮਹਾਂਪੁਰਖਾਂ ਦਾ ਇਲਾਜ ਕਰਾਇਆ। ਬਾਕੀ ਜ਼ਖਮ ਠੀਕ ਹੋ ਗਏ। ਮੋਢੇ ਵਾਲੀ ਹੱਡੀ ਦਾ ਦਰਦ ਰਹਿੰਦਾ ਸੀ। ਪਰ ਕੁਝ ਦਿਨ ਇਥੇ ਰਹਿ ਕੇ ਮੁਰਾਲੇ ਚਲੇ ਗਏ। ਬਾਕੀ ਸੁਆਰੀਆਂ ਨੂੰ ਕੁਝ ਖਾਸ ਸੱਟਾਂ ਨਹੀਂ ਸੀ ਲੱਗੀਆਂ। ਮੁਰਾਲੇ ਪੁੱਜਣ ਤੇ ਸੰਗਤਾਂ ਹੁਮ-ਹੁਮਾ ਕੇ ਖ਼ਬਰ ਲੈਣ ਲਈ ਪੁੱਜ ਗਈਆਂ। ਸੰਤ ਬਾਬਾ ਭਾਗ ਸਿੰਘ ਜੀ ਭੀ ਖ਼ਬਰ ਲੱਗਦਿਆਂ ਮੁਰਾਲੇ ਪੁੱਜ ਗਏ। ਆਪ ਜੀ ਨੇ ਅਖੰਡ ਪਾਠ ਆਰੰਭ ਕਰਾਇਆ। ਸੰਤਾਂ ਦੇ ਬੜੇ ਪਿਆਰ ਵਾਲੇ ਭਾਈ ਗੁਪਾਲ ਸਿੰਘ ਜੀ ਜੰਡਾਂ ਵਾਲਾ, ਭਗਤ ਸਰਦਾਰ ਸਿੰਘ ਜੀ ਸੰਤਪੁਰਾ, ਬਾਬਾ ਜੈ ਸਿੰਘ ਜੀ ਸੰਤਪੁਰਾ, ਭਾਈ ਭੋਲਾ ਸਿੰਘ ਜੀ ਸਰਾਏ ਆਲਮਗੀਰ, ਇਹ ਬੜੇ ਨਾਮੀ ਪਾਠੀ ਤੇ ਸ਼ੁੱਧ ਪਾਠ ਕਰਨ ਵਾਲੇ ਸਨ। ਸੰਤ ਬਾਬਾ ਭਾਗ ਸਿੰਘ ਹੋਰਾਂ ਦੀ ਦੇਖ ਭਾਲ ਵਿਚ ਆਖੰਡ ਪਾਠ ਦਾ ਭੋਗ ਪਿਆ। ਚਾਰੇ ਪਾਠੀਆਂ ਨੂੰ ਇਕ-ਇਕ ਸੋਨੇ ਦੀ ਮਾਲਾ ਅਤੇ ਰੇਸ਼ਮੀ ਬਸਤਰ, ਕੁਝ ਹੋਰ ਮਾਇਆ ਦਾਨ ਵਜੋਂ ਅਰਦਾਸ ਕਰਾਈ। ਬਹੁਤ ਸਾਰੀ ਮਠਿਆਈ ਤਿਆਰ ਕਰਾ ਕੇ ਵੰਡੀ। ਮਾਲ੍ਹਪੂੜੇ ਦਾ ਲੰਗਰ ਕੀਤਾ ਗਿਆ। ਇਹ ਸਾਰਾ ਪ੍ਰਬੰਧ ਸੰਤ ਬਾਬਾ ਭਾਗ ਸਿੰਘ ਜੀ ਨੇ ਉਸ ਅਕਾਲ ਪੁਰਖ ਦੀ ਅਪਾਰ ਕਿਰਪਾ ਦੀ ਸਦਕਾ, ਮਹਾਂਪੁਰਖਾਂ ਬਾਬਾ ਪ੍ਰੇਮ ਸਿੰਘ ਜੀ ਦੇ ਸਰੀਰ ਦੀ ਕੁਸ਼ਲਤਾ ਲਈ ਕੀਤਾ। ਕੁਝ ਸਮੇਂ ਪਿਛੋਂ ਫਿਰ ਮੋਡੇ ਦੀ ਹੱਡੀ ਨੂੰ ਭੀ ਆਰਾਮ ਆ ਗਿਆ। ਇਹ ਇਕ ਬੜੀ ਵੱਡੀ ਘਟਨਾ ਵਾਪਰੀ, ਜਿਸ ਤੋਂ ਮਾਲਕ ਨੇ ਆਪ ਹੱਥ ਦੇ ਕੇ ਰੱਖਿਆ।

5. ਇਕ ਵੇਰ ਆਪ ਜੀ ਨੂੰ ਕਾਰ ਬੰਕਰ ਫੋੜਾ ਨਿਕਲ ਪਿਆ। ਆਪ ਜੀ ਮੁਕੇਰੀਆਂ ਸਨ, ਬੜੀ ਜਲਦੀ ਆਪ ਜੀ ਨੂੰ ਸ੍ਰੀ ਅੰਮ੍ਰਿਤਸਰ ਹਸਪਤਾਲ ਪੁਚਾਇਆ। ਡਾਕਟਰ ਪ੍ਰੀਤਮ ਸਿੰਘ ਜੀ ਨੇ ਕਿਹਾ ਕਿ ਇਸ ਨੂੰ ਵਿੱਚੇ ਹੀ ਟੀਕੇ ਲਾ ਕੇ ਸੁਕਾ ਦਿੱਤਾ ਜਾਵੇ ਤਾਂ ਠੀਕ ਹੈ। ਡਾਕਟਰ ਸਾਹਿਬ ਨੇ ਕਈ ਦਿਨ ਹਸਪਤਾਲ ਰੱਖ ਕੇ ਟੀਕੇ ਲਾ ਕੇ ਵਿੱਚੇ ਸੁਕਾ ਦਿੱਤਾ। ਆਪ ਜੀ ਰਾਜ਼ੀ ਖੁਸ਼ੀ ਹੋ ਕੇ ਵਾਪਸ ਆ ਗਏ।

ਇਨ੍ਹਾਂ ਤੋਂ ਇਲਾਵਾ ਛੋਟੀਆਂ-ਛੋਟੀਆਂ ਘਟਨਾਵਾਂ ਤਾਂ ਹੋਰ ਭੀ ਹਨ। ਮੇਰਾ ਲਿਖਣ ਦਾ ਭਾਵ ਇਹ ਹੈ ਕਿ ਇਤਨੀਆਂ ਤਕਲੀਫ਼ਾਂ ਆਉਣ ਤੇ ਭੀ ਆਪ ਜੀ ਨੇ ਇਕ ਵੇਰ ਭੀ ਹਾਇ ਨਹੀਂ ਕੀਤੀ। 'ਵਾਹਿਗੁਰੂ-ਵਾਹਿਗੁਰੂ' ਹੀ ਆਪਣੀ ਰਸਨਾ ਤੋਂ ਕੱਢਦੇ ਰਹੇ। ਸਰੀਰਕ ਤਕਲੀਫ਼ਾਂ ਦੇ ਆਉਣ ਤੇ ਭੀ ਆਪ ਬੜੇ ਅਡੋਲ ਤੇ ਦ੍ਰਿੜ੍ਹ ਰਹਿੰਦੇ ਸਨ। ਜਦੋਂ ਆਰਾਮ ਆ ਜਾਂਦਾ, ਆਪ ਫਿਰ ਉਸੇ ਤਰ੍ਹਾਂ ਲੁਬਾਣਾ ਬਰਾਦਰੀ ਦੇ ਆਰੰਭੇ ਹੋਏ ਸਕੂਲਾਂ ਆਦਿ ਦੇ ਕੰਮਾਂ ਨੂੰ ਪੂਰਾ ਕਰਨ ਲਈ ਤਤਪਰ ਹੋ ਜਾਂਦੇ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਸੰਤ ਬਾਬਾ ਹਜ਼ਾਰਾ ਸਿੰਘ ਜੀ ਮਕਸੂਦਪੁਰ ਵਾਲਿਆਂ ਦੀ ਬਰਸੀ 'ਤੇ ਵਿਸ਼ੇਸ਼

**ਜੋਗਿੰਦਰ ਸਿੰਘ**



ਸਵਰਗਵਾਸੀ ਸੰਤ ਬਾਬਾ ਹਜ਼ਾਰਾ ਸਿੰਘ ਜੀ ਦਾ ਜਨਮ 23 ਮਾਰਚ 1941 ਨੂੰ ਪਿੰਡ ਭਖੜੇਵਾਲੀ ਤਹਿਸੀਲ ਖਾਰੀਆਂ ਜ਼ਿਲ੍ਹਾ ਗੁਜਰਾਤ ਪਾਕਿਸਤਾਨ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਗੰਗਾ ਕੌਰ ਪਿਤਾ ਦਾ ਨਾਮ ਸ. ਗੁਰਮੁਖ ਸਿੰਘ ਸੀ, ਜੋ ਫੌਜ ਵਿਚੋਂ ਰਿਟਾਇਰ ਹੋਏ ਸਨ। ਆਪ ਜੀ ਦੇ ਤਿੰਨ ਭਰਾ ਤੇ ਦੋ ਭੈਣਾਂ ਸਨ ਹੁਣ ਇਕ ਭੈਣ ਗੁਜ਼ਰ ਗਈ ਹੈ। ਹਜ਼ਾਰਾ ਸਿੰਘ ਨੂੰ ਪਿੰਡ ਦੇ ਸਕੂਲ ਵਿਖੇ ਪਹਿਲੀ ਕਲਾਸ ਵਿਚ ਦਾਖਲ ਕਰਵਾਇਆ। ਕੁਝ ਮਹੀਨਿਆਂ ਬਾਅਦ ਹੀ ਹਿੰਦੁਸਤਾਨ ਦੀ ਵੰਡ ਹੋ ਗਈ। ਅਸੀਂ ਪੰਜਾਬ ਆ ਕੇ ਮੁਕੇਰੀਆਂ ਖਾਸ ਖੱੜਕ ਬਲੜੇ ਵਸ ਗਏ। ਤਿੰਨ ਸਾਲ ਉਥੇ ਰਹੇ ਤੇ 1950 ਵਿਚ ਡਾਲਾ ਤਹਿਸੀਲ ਭੁਲੱਥ ਜ਼ਿਲ੍ਹਾ ਕਪੂਰਥਲਾ ਵਿਖੇ ਜ਼ਮੀਨ ਅਲਾਟ ਹੋਈ। ਉਥੇ ਆ ਕੇ ਹਜ਼ਾਰਾ ਸਿੰਘ ਸਕੂਲ 'ਚ ਤਾਂ ਨਹੀਂ ਪੜ੍ਹੇ ਪਰੰਤੂ ਗੁਰਦੁਆਰਾ ਵਿਖੇ ਪੰਜਾਬੀ ਸਿੱਖ ਲਈ ਤੇ ਪਾਠ ਕਰਨ ਲੱਗ ਪਿਆ। ਡਾਲੇ ਵਿਖੇ ਹਜ਼ਾਰਾ ਸਿੰਘ ਦਾ ਤਾਇਆ ਭਾਈ ਵੀਰ ਸਿੰਘ ਗ੍ਰੰਥੀ ਦੀ ਸੇਵਾ ਕਰਦੇ ਸਨ, ਉਨ੍ਹਾਂ ਹਜ਼ਾਰਾ ਸਿੰਘ ਨੂੰ ਬੜੇ ਪਿਆਰ ਨਾਲ ਪੜ੍ਹਾਇਆ। ਸੰਤ ਬਾਬਾ ਮਾਝਾ ਸਿੰਘ ਜੀ ਡੇਰਾ ਬਾਬਾ ਕਰਮ ਸਿੰਘ ਹੋਤੀ ਸਰਨ ਵਾਲੇ ਮਖਸੂਦਪੁਰ ਡੇਰੇ ਵਿਚ ਰਹਿੰਦੇ ਸਨ ਜੋ ਸਾਡੇ ਪਿੰਡ ਤੋਂ ਦੋ ਮੀਲ 'ਤੇ ਵਸਿਆ ਹੈ, ਦੋ-ਤਿੰਨ ਵਾਰੀ ਸਾਡੇ ਪਿੰਡ ਡਾਲੇ ਪ੍ਰੋਗਰਾਮ 'ਤੇ ਆਏ ਤੇ ਹਜ਼ਾਰਾ ਸਿੰਘ ਨੇ ਉਚੇਚੇ ਤੌਰ 'ਤੇ ਉਨ੍ਹਾਂ ਦੇ ਪ੍ਰੋਗਰਾਮ 'ਚ ਹਾਜ਼ਰੀ ਭਰੀ ਤੇ ਉਨ੍ਹਾਂ ਦਾ ਉਪਾਸਕ ਬਣ ਗਿਆ ਤੇ ਡੇਰੇ ਮਖਸੂਦਪੁਰ ਬਹੁਤ ਆਉਣ-ਜਾਣ ਲੱਗ ਪਿਆ। ਸੰਤ ਬਾਬਾ ਮਾਝਾ ਸਿੰਘ ਜੀ ਨਾਲ ਬਹੁਤ ਪਿਆਰ ਹੋ ਗਿਆ। ਬਾਬਾ ਜੀ ਨੇ ਉਨ੍ਹਾਂ ਨੂੰ ਅਜਿਹੀ ਖਿੱਚ ਪਾ ਦਿੱਤੀ ਕਿ ਉਹ ਘਰ ਛੱਡ ਕੇ ਉਨ੍ਹਾਂ ਦੇ ਲੜ ਪੱਕਾ ਲੱਗ ਗਿਆ। ਅਸੀਂ ਬਾਬਾ ਜੀ ਪਾਸ ਉਸ ਨੂੰ ਘਰ ਵਾਪਸ ਲੈਣ ਲਈ ਗਏ ਤੇ ਸੰਤਾਂ ਨੂੰ ਬੇਨਤੀ ਕੀਤੀ ਬਾਬਾ ਜੀ ਹਜ਼ਾਰਾ ਸਿੰਘ ਨੂੰ ਵਾਪਸ ਸਾਨੂੰ ਦੇ ਦਿਓ ਤਾਂ ਸੰਤਾਂ ਨੇ ਕਿਹਾ ਕਿ ਨਿੱਕਾ ਤੁਹਾਡਾ ਨਹੀਂ ਇਹ ਸਾਡਾ ਹੋ ਗਿਆ ਹੈ। ਉਹ ਪਿਆਰ ਨਾਲ ਨਿੱਕਿਆ ਕਰਕੇ ਬੁਲਾਉਂਦੇ ਸਨ। ਇਸ ਤੋਂ ਬਾਅਦ ਉਹ ਤਨ-ਮਨ ਨਾਲ ਸੰਤਾਂ ਦੀ ਸੇਵਾ ਵਿਚ ਜੁਟ ਗਿਆ। ਆਪ ਸੰਤ ਬਾਬਾ ਰੌਸ਼ਨ ਸਿੰਘ ਜੀ ਨਾਲ ਮਿਲ ਕੇ ਸਵੇਰੇ ਤੜਕੇ ਉਠ ਕੇ ਡੇਰੇ ਵਿਖੇ ਝਾੜੂ ਦੀ ਸੇਵਾ ਕਰਨੀ ਤੇ ਦੋਹਾਂ ਸੰਤਾਂ ਦਾ ਹੁਕਮ ਮੰਨਣਾ। ਖੇਤੀ ਦੇ ਕੰਮ ਵਿਚ ਵੀ ਬੜੀ ਦਿਲਚਸਪੀ ਰੱਖੀ। ਜ਼ਮੀਨ ਸਾਰੀ ਆਪਣੇ ਕਬਜ਼ੇ 'ਚ ਕਰਕੇ ਖੇਤੀ ਕਰਵਾਉਣੀ ਸ਼ੁਰੂ ਕੀਤੀ। ਟਰੈਕਟਰ ਆਦਿ ਲੈ ਕੇ ਨਵੀਆਂ ਮੋਟਰਾਂ ਲਗਵਾ ਕੇ ਖੇਤੀ ਦੀ ਬਿਜਾਈ ਸ਼ੁਰੂ ਕੀਤੀ। ਆਪ ਨੇ ਆਲੇ-ਦੁਆਲੇ ਦੇ ਟਰੈਕਟਰ ਮੰਗਵਾਂ ਕੇ ਸਾਰੀ ਜ਼ਮੀਨ ਵਹਾਅ ਕੇ ਤਿਆਰ ਕਰ ਲੈਣੀ। ਟਰੈਕਟਰਾਂ ਵਾਲਿਆਂ ਦੀ ਬਹੁਤ ਸੇਵਾ ਕਰਨੀ। ਇਹ ਹਰ ਸਾਲ ਇਸੇ ਤਰ੍ਹਾਂ ਕਰਦੇ ਰਹੇ। ਟਰੈਕਟਰਾਂ ਵਾਲਿਆਂ ਦਾ ਉਨ੍ਹਾਂ ਨਾਲ ਬਹੁਤ ਪਿਆਰ ਹੋ ਗਿਆ। ਡੇਰੇ ਦੀ ਲਗਭਗ 100 ਏਕੜ ਜ਼ਮੀਨ ਹੋ ਗਈ ਸੀ ਪਰੰਤੂ ਕਈ ਲੋਕਾਂ ਨੇ ਦੌੜ-ਭੱਜ ਕਰਕੇ, ਮੁਕੱਦਮੇ ਕਰਕੇ ਤੇ ਕੁਝ ਪਤਵੰਤੇ ਸੱਜਣਾਂ ਜਿਨ੍ਹਾਂ 'ਚ ਸ. ਦਰਸ਼ਨ ਸਿੰਘ ਮੁਲਤਾਨੀ, ਸ. ਜਗਤਾਰ ਸਿੰਘ ਮੁਲਤਾਨੀ ਸਾਬਕਾ ਮਨਿਸਟਰ ਤੇ ਹੋਰ ਬਹੁਤ ਸਾਰਿਆਂ ਦੀ ਮੱਦਦ ਨਾਲ ਜ਼ਮੀਨ ਛੁਡਵਾਈ। ਖੇਤਾਂ ਵਿਚ ਕੰਮ ਕਰਨ ਦੌਰਾਨ ਇਨ੍ਹਾਂ ਦੀ ਖੱਬੀ ਅੱਖ ਵਿਚ ਤੀਲ੍ਹਾ ਲੱਗ ਗਿਆ ਤੇ ਅੱਖ ਬਹੁਤ ਖਰਾਬ ਹੋ ਗਈ। ਮੈਂ ਉਸ ਵਕਤ ਅੰਮ੍ਰਿਤਸਰ ਵਿਕੇ ਨਕਰੀ ਕਰਦਾ ਸੀ। ਮੈਨੂੰ ਪਤਾ ਲੱਗਾ, ਮੈਂ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਨੂੰ ਮਿਲਿਆ ਜੋ ਕਿ ਸਾਡੇ ਚਾਚਾ ਜੀ ਸਨ। ਮੈਂ ਡਾਕਟਰ ਮਾਨ ਸਿੰਘ ਨਿਰੰਕਾਰੀ ਜੋ ਕਿ ਅੱਖਾਂ ਦਾ ਮਾਹਿਰ ਹੈ ਕੋਲ ਉਨ੍ਹਾਂ ਨੂੰ ਵਿਖਾਇਆ। ਸੰਤ ਰੌਸ਼ਨ ਸਿੰਘ ਜੀ ਹਜ਼ਾਰਾ ਸਿੰਘ ਤੇ ਮਹਿੰਦਰ ਸਿੰਘ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਏ ਤੇ ਡਾਕਟਰ ਮਾਨ ਸਿੰਘ ਨਿਰੰਕਾਰੀ ਨੂੰ ਅੱਖ ਵਿਖਾਈ ਤੇ ਉਸ ਨੇ ਕਿਹਾ ਕਿ ਮੈਂ ਕੱਲ੍ਹ ਅਪਰੇਸ਼ਨ ਕਰਾਂਗਾ। ਉਨ੍ਹਾਂ ਦਾ ਆਪਰੇਸ਼ਨ ਹੋ ਗਿਆ ਤੇ ਸੰਤ ਬਾਬਾ ਰੌਸ਼ਨ ਸਿੰਘ ਜੀ ਕੁਝ ਚਿਰ ਅੰਮ੍ਰਿਤਸਰ ਰਹਿ ਕੇ ਵਾਪਸ ਡੇਰੇ ਆ ਗਏ ਕਿਉਂਕਿ ਪਿੱਛੋਂ ਬਾਬਾ ਮਾਝਾ ਸਿੰਘ ਜੀ ਵੀ ਢਿੱਲੇ ਹੋ ਗਏ ਸਨ। ਬਾਬਾ ਹਜ਼ਾਰਾ ਸਿੰਘ ਹਸਪਤਾਲ ਵਿਚ ਹੀ ਹਨ ਤੇ ਬਾਬਾ ਰੌਸ਼ਨ ਸਿੰਘ ਜੀ ਸਾਨੂੰ ਕਹਿ ਗਏ ਕਿ ਡੇਰੇ ਵਾਪਸ ਜਾ ਰਹੇ ਨੇ ਤੇ ਤੁਸੀਂ ਹਜ਼ਾਰਾ ਸਿੰਘ ਦੀ ਸਾਧ ਸਮਝ ਕੇ ਸੇਵਾ ਕਰਨੀ ਸ਼ਰੀਕ ਸਮਝ ਕੇ ਸੇਵਾ ਨਹੀਂ ਕਰਨੀ।

ਸੰਤ ਬਾਬਾ ਮਾਝਾ ਸਿੰਘ ਜੀ ਬਹੁਤ ਢਿੱਲੇ ਹੋ ਗਏ ਤੇ ਮੈਂ ਡਾਕਟਰ ਪ੍ਰੀਤਮ ਸਿੰਘ ਜੀ ਤੇ ਐਂਬੂਲੈਂਸ ਨਾਲ ਲੈ ਕੇ ਡੇਰੇ ਪਹੁੰਚ ਗਿਆ। ਸੰਤਾਂ ਦੀ ਹਾਲਤ ਬਹੁਤ ਖਰਾਬ ਸੀ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਦਾਖਲ ਕਰਾ ਦਿੱਤਾ ਤੇ ਆਕਸੀਜਨ ਲਗਾ ਦਿੱਤੀ। ਸੰਤ ਬਾਬਾ ਰੌਸਨ ਸਿੰਘ ਜੀ ਨਾਲ ਸਨ ਅਤੇ ਇਕ-ਦੋ ਹੋਰ ਵੀ ਸੇਵਾਦਾਰ ਨਾਲ ਆਏ ਸਨ। ਪਰ ਸੰਤ ਬਾਬਾ ਮਾਝਾ ਸਿੰਘ ਜੀ ਦੂਜੇ ਦਿਨ ਸਵਰਗਵਾਸ ਹੋ ਗਏ। ਬਾਬਾ ਹਜ਼ਾਰਾ ਸਿੰਘ ਜੀ ਨੂੰ ਨਹੀਂ ਦੱਸਿਆ ਪਰ ਫਿਰ ਵੀ ਉਨ੍ਹਾਂ ਨੂੰ ਪਤਾ ਲੱਗ ਗਿਆ ਤੇ ਉਹ ਬਹੁਤ ਰੋਏ। ਜਿਸ ਅੱਖ ਦਾ ਅਪਰੇਸ਼ਨ ਹੋਇਆ ਸੀ ਉਹ ਖਰਾਬ ਹੋ ਗਈ ਤੇ ਦੁਬਾਰਾ ਠੀਕ ਨਹੀਂ ਹੋਈ। ਸੰਤ ਬਾਬਾ ਮਾਝਾ ਸਿੰਘ ਜੀ ਦੇ ਦੇਹਾਂਤ ਹੋਣ 'ਤੇ ਸੰਤ ਰੌਸ਼ਨ ਸਿੰਘ ਜੀ ਨੇ ਡੇਰੇ ਦੀ ਸਾਰੀ ਵਾਂਗਡੋਰ ਸੰਭਾਲ ਲਈ ਤੇ ਕੁਝ ਸਮੇਂ ਬਾਅਦ ਬਾਬਾ ਹਜ਼ਾਰਾ ਸਿੰਘ ਜੀ ਨੂੰ ਆਪ ਨੇ ਬਾਹਰ ਦੀ ਸੇਵਾ ਕਰਨ ਦੀ ਡਿਊਟੀ

ਲਾ ਦਿੱਤੀ।

ਸੰਤ ਰੌਸ਼ਨ ਸਿੰਘ ਨੂੰ ਗੋਡਿਆਂ ਦੀ ਤਕਲੀਫ ਸੀ। ਉਨ੍ਹਾਂ ਨੇ ਆਪ ਕਾਫੀ ਕੰਮ ਘੱਟ ਕਰ ਦਿੱਤਾ ਤੇ ਬਹੁਤ ਸਾਰੇ ਕੰਮ ਬਾਬਾ ਹਜ਼ਾਰਾ ਸਿੰਘ ਜੀ ਨੂੰ ਕਰਨੇ ਪੈਂਦੇ ਸਨ। ਬਾਬਾ ਜੀ ਨੇ ਇਕ ਕੀਰਤਨ ਕਰਨ ਲਈ ਜਥਾ ਤਿਆਰ ਕਰ ਲਿਆ। ਹਰ ਪ੍ਰੋਗਰਾਮ ਤੇ ਜਥਾ ਨਾਲ ਲੈ ਕੇ ਜਾਂਦੇ ਸਨ। ਬਾਬਾ ਕਰਮ ਸਿੰਘ ਜੀ ਦੀ ਬੜੀ ਕ੍ਰਿਪਾ ਹੋ ਗਈ ਤੇ ਡੇਰੇ ਦੀ ਆਮਦਨ ਵੱਧ ਗਈ। ਲੰਗਰ ਦਿਨ-ਰਾਤ ਬਹੁਤ ਚੱਲਣ ਲੱਗ ਪਿਆ। ਸੰਤ ਰੌਸ਼ਨ ਸਿੰਘ ਜਦੋਂ ਅਮਰੀਕਾ, ਇੰਗਲੈਂਡ ਚਲੇ ਜਾਂਦੇ, ਸਾਰੀ ਜ਼ਿੰਮੇਵਾਰੀ ਇਨ੍ਹਾਂ ਨੂੰ ਲਾ ਕੇ ਜਾਂਦੇ। ਇਹ ਆਏ-ਗਏ ਦੀ ਸੇਵਾ ਕਰਦੇ ਤੇ ਸੰਗਤਾਂ ਦੇ ਦੁੱਖ-ਤਕਲੀਫਾਂ ਸੁਣਿਆ ਕਰਦੇ। ਇਨ੍ਹਾਂ ਨੇ ਕਈ ਲੜਕੀਆਂ ਦੇ ਵਿਆਹ ਦੇ ਫੈਸਲੇ ਕੀਤੇ ਅਤੇ ਕਈਆਂ ਦੇ ਘਰੇਲੂ ਝਗੜਿਆਂ ਦੇ ਡੇਰੇ ਬੁਲਾ ਕੇ ਫੈਸਲੇ ਕੀਤੇ। ਡੇਰੇ ਦੇ ਬਹੁਤ ਸਾਰੇ ਸਕੂਲ ਤੇ ਦੋ ਕਾਲਜ ਖੁਲ੍ਹ ਚੁੱਕੇ ਸਨ, ਉਨ੍ਹਾਂ ਦਾ ਕੰਮਕਾਰ ਦੇਖਣਾ ਇਹ ਵੀ ਜ਼ਿੰਮੇਵਾਰੀ ਨਿਭਾਉਂਦੇ ਸਨ। ਡੇਰੇ ਵਿਖੇ ਜ਼ਮੀਨ ਦੇ ਕੇ ਹਸਪਤਾਲ ਦੀ ਬਿਲਡਿੰਗ ਬਣਾ ਕੇ ਸਰਕਾਰ ਨੂੰ ਦਿੱਤੀ। ਗੌਰਮਿੰਟ ਆਈ.ਟੀ.ਆਈ. ਡੇਰੇ ਵਿਚ ਮੰਨਜ਼ੂਰ ਕਰਵਾਈ ਤੇ ਉਸ ਵਾਸਤੇ ਜ਼ਮੀਨ ਤੇ ਬਿਲਡਿੰਗ ਬਣਾ ਕੇ ਸਰਰਕਾਰ ਨੂੰ ਦਿੱਤੀ। ਡੇਰੇ ਦੀਆਂ ਬਿਲਡਿੰਗਾਂ ਬਣਾਈਆਂ। ਉਨ੍ਹਾਂ ਉੱਪਰ ਬਹੁਤ ਵੱਡਾ ਹਾਲ ਬਣਾਇਆ ਅਤੇ ਸੰਗਤਾਂ ਦੇ ਰਹਿਣ ਵਾਸਤੇ ਕਮਰੇ ਤਿਆਰ ਕਰਵਾਏ ਅਤੇ ਸਾਰੇ ਸੇਵਾਦਾਰਾਂ ਦੇ ਕਮਰਿਆਂ 'ਤੇ ਬਾਲੇ ਪਏ ਹੋਏ ਸਨ 'ਤੇ ਲੈਂਟਰ ਪਾ ਦਿੱਤੇ। ਸੰਤ ਬਾਹਰ ਗਏ ਹੋਏ ਸਨ। ਉਨ੍ਹਾਂ ਦਾ ਕਮਰਾ ਵੀ ਵਧੀਆ ਬਣਾ ਦਿੱਤਾ।

ਸੰਤਾਂ ਨੇ ਬਾਬਾ ਹਜ਼ਾਰਾ ਸਿੰਘ ਨੂੰ ਕਿਹਾ ਕਿ ਤੁਸੀਂ 10 ਦਿਨ ਲਈ ਦਿੱਲੀ ਜਾਓ। ਉਥੇ ਮੈਂ ਨਹੀਂ ਜਾ ਸਕਾਂਗਾ, ਮੇਰੀ ਸਿਹਤ ਠੀਕ ਨਹੀਂ। ਉਹ ਹੁਕਮ ਮੰਨ ਕੇ ਜਥਾ ਨਾਲ ਲੈ ਕੇ ਦਿੱਲੀ ਚਲੇ ਗਏ ਅਤੇ ਉਥੇ ਢਿੱਲੇ ਹੋ ਗਏ ਤੇ ਮੈਨੂੰ ਫੋਨ ਆਇਆ ਕਿ ਬਾਬਾ ਜੀ ਬੜੇ ਢਿੱਲੇ ਹੋ ਗਏ ਹਨ ਤੁਸੀਂ ਦਿੱਲੀ ਪਹੁੰਚੋ। ਮੈਂ ਛੋਟੇ ਭਰਾ ਸੁਬੇਗ ਸਿੰਘ ਜੋ ਕਪੂਰਥਲਾ ਰਹਿੰਦਾ ਨੂੰ ਫ਼ੋਨ ਕੀਤਾ। ਉਹ ਸ਼ਾਮੀ ਮੇਰੇ ਪਾਸ ਜਲੰਧਰ ਆ ਗਿਆ ਤੇ ਰਾਤੋਂ-ਰਾਤ ਅਸੀਂ ਹਸਪਤਾਲ ਵਿਚ ਪਹੁੰਚ ਗਏ ਜਿਥੇ ਬਾਬਾ ਜੀ ਦਾਖਲ ਸਨ। ਉਹ ਇਕ ਪ੍ਰਾਈਵੇਟ ਹਸਪਤਾਲ ਸੀ। ਉਨ੍ਹਾਂ ਦੀ ਸਿਹਤ ਬਹੁਤ ਖਰਾਬ ਹੋ ਗਈ ਤੇ ਉਨ੍ਹਾਂ ਨੂੰ ਪੋਲੋ ਹਸਪਤਾਲ ਵਿਚ ਦਾਖਲ ਕਰਾ ਦਿੱਤਾ। ਸੰਤ ਮਹਾਰਾਜ ਜੀ ਵੀ ਦਿੱਲੀ ਪਹੁੰਚ ਗਏ। ਦਿੱਲੀ ਦੀਆਂ ਸੰਗਤਾਂ ਬਹੁਤ ਪਹੁੰਚ ਗਈਆਂ ਤੇ ਡੇਰੇ ਤੋਂ ਚਮਕੌਰ ਸਿੰਘ, ਮਹਿੰਦਰ ਸਿੰਘ, ਕਸ਼ਮੀਰ ਸਿੰਘ ਵੀ ਦਿੱਲੀ ਪਹੁੰਚ ਗਏ। ਸੰਤਾਂ ਨੇ ਪੈਸੇ ਦੀ ਪ੍ਰਵਾਹ ਨਹੀਂ ਕੀਤੀ। ਬੜਾ ਖਰਚ ਕੀਤਾ, ਕੁਝ ਫਰਕ ਪਿਆ ਤੇ ਡੇਰੇ ਲੈ ਆਏ। ਇਥੇ ਸੰਗਤਾਂ ਦਰਸ਼ਨ ਕਰਨ ਲਈ ਬਹੁਤ ਸਾਰੀਆਂ ਆਈਆਂ ਤੇ ਬਾਅਦ ਵਿਚ ਫਿਰ ਢਿੱਲੇ ਹੋ ਗਏ ਤੇ ਡੀ.ਐਮ.ਸੀ. ਲੁਧਿਆਣਾ ਵਿਚ ਦਾਖਲ ਕਰਵਾਇਆ। ਉਥੇ ਵੀ ਬਹੁਤ ਪੈਸੇ ਖਰਚ ਹੋਏ ਪਰ ਸੰਤਾਂ ਨੇ ਪ੍ਰਵਾਹ ਨਹੀਂ ਕੀਤੀ। ਮਹਿੰਦਰ ਸਿੰਘ, ਕਸ਼ਮੀਰ ਸਿੰਘ ਤੇ ਚਮਕੌਰ ਸਿੰਘ ਨੇ ਬਹੁਤ ਸੇਵਾ ਕੀਤੀ। ਪਿੰਡਾਂ ਵਿਚ ਅਖੰਡ ਪਾਠ, ਸੁਖਮਨੀ ਸਾਹਿਬ ਦੇ ਪਾਠ ਤੇ ਅਰਦਾਸਾਂ ਸੰਗਤਾਂ ਨੇ ਬਹੁਤ ਕਰਾਈਆਂ ਪਰ ਠੀਕ ਨਹੀਂ ਹੋਏ। ਅਖੀਰ 11-12-2008 ਸਵੇਰੇ 7.30 ਵਜੇ ਡੀ.ਐਮ.ਸੀ. ਹਸਪਤਾਲ ਵਿਖੇ ਸਵਾਸ ਦੇ ਦਿੱਤੇ ਤੇ ਇਕ ਐਂਬੂਲੈਂਸ ਗੱਡੀ ਵਿਚ ਲੁਧਿਆਣੇ ਤੋਂ ਡੇਰੇ ਮਖਸਦਪੁਰ ਲੈ ਕੇ ਆਏ। ਰਸਤੇ ਵਿਚ ਥਾਂ-ਥਾਂ 'ਤੇ ਸੰਗਤਾਂ ਦਰਸ਼ਨ ਕਰਨ ਲਈ ਖੜ੍ਹੀਆਂ ਸਨ। ਜਦ ਬਾਬ ਜੀ ਦੀ ਦੇਹ ਡੇਰੇ ਪਹੁੰਚੀ, ਉਥੇ ਸੰਗਤਾਂ ਦਾ ਬਹੁਤ ਭਾਰੀ ਇਕੱਠ ਸੀ। ਸੰਗਤਾਂ ਸਾਰੀ ਰਾਤ ਦਰਸ਼ਨ ਕਰਨ ਲਈ ਆਉਂਦੀਆਂ ਰਹੀਆਂ ਤੇ ਜਥੇ ਕੀਰਤਨ ਕਰਦੇ ਰਹੇ। ਬੀਬੀ ਜਗੀਰ ਕੌਰ ਤੇ ਜਗਤਾਰ ਸਿੰਘ ਮੁਲਤਾਨੀ ਤੇ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਸੰਤਾਂ ਨਾਲ ਸਲਾਹ ਕੀਤੀ ਕਿ ਸਸਕਾਰ ਕਰੀਏ ਕੇ ਜਲ ਪ੍ਰਵਾਹ ਕਰਨਾ ਹੈ। ਸੰਤ ਕਹਿੰਦੇ ਕਿ ਇਹ ਗੱਦੀਨਸ਼ੀਨ ਸਨ। ਕਿਉਂਕਿ ਇਸ ਡੇਰੇ ਦੀ ਪਿਛਲੀ ਪਰੰਪਰਾ ਚਲੀ ਆ ਰਹੀ ਸੀ ਕਿ ਜੋ ਵੀ ਗੱਦੀਨਸ਼ੀਨ ਹੋਵੇ ਉਸ ਨੂੰ ਜਲ ਪ੍ਰਵਾਹ ਹੀ ਕੀਤਾ ਜਾਵੇਗਾ, ਸੋ ਇਨ੍ਹਾਂ ਨੂੰ ਜਲ ਪ੍ਰਵਾਹ ਕਰਨਾ ਹੈ।

ਸੋ ਸੰਗਤਾਂ ਨੇ ਹੁਕਮ ਮੰਨਦੇ ਹੋਏ ਜਲ ਪ੍ਰਵਾਹ ਦਾ ਪ੍ਰੋਗਰਾਮ ਬਣਾ ਲਿਆ। ਜਲ ਪ੍ਰਵਾਹ ਵਾਸਤੇ ਦਰਿਆ ਬਿਆਸ ਦੇ ਪੁਲ ਕੋਲ ਸ੍ਰੀ ਹਰਗੋਬਿੰਦਪੁਰ ਤੋਂ ਪਹਿਲਾਂ ਤੇ ਰੜਾ ਪਿੰਡ ਦੇ ਅੱਗੇ ਜਾ ਕੇ ਜਲ ਪ੍ਰਵਾਹ ਕੀਤਾ। ਡੇਰੇ ਤੋਂ ਚੱਲ ਕੇ ਤੇ ਪੁਲ ਤੱਕ ਇਤਨੀ ਦੁਨੀਆਂ ਸੀ ਕਿ ਕੋਈ ਹਿਸਾਬ ਨਹੀਂ ਲਗਾਇਆ ਜਾ ਸਕਦਾ ਸੀ। ਸੰਤ ਬਾਬਾ ਹਜ਼ਾਰਾ ਸਿੰਘ ਜੀ ਦੇ ਸਵਰਗਵਾਸ ਹੋਣ 'ਤੇ ਸੰਗਤਾਂ, ਸਾਕ ਸੰਬੰਧੀਆਂ ਤੇ ਪ੍ਰੇਮੀ ਬਹੁਤ ਹੰਝੂ ਕੇਰਦੇ ਰਹੇ। ਸੰਤ ਬਾਬਾ ਰੌਸ਼ਨ ਸਿੰਘ ਜੀ ਨੇ ਬੜਾ ਦੁਖ ਮਹਿਸੂਸ ਕੀਤਾ ਕਿ ਕਹਿੰਦੇ ਸੁਣਿਆ ਕਿ ਸੰਤ ਹਜ਼ਾਰਾ ਸਿੰਘ ਨੇ ਡੇਰੇ ਦਾ ਕੰਮ ਸੰਭਾਲਿਆ ਸੀ ਤੇ ਸਾਨੂੰ ਕੋਈ ਹੁਣ ਫਿਕਰ ਨਹੀਂ ਰਹਿੰਦਾ ਸੀ।

**230 ਜਸਵੰਤ ਨਗਰ,**
**ਗੜ੍ਹਾ ਜਲੰਧਰ**



# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ**

**ਮੋ. 98155-40240, lubanabs@yahoo.co.in**

# ਵਿਸਰ ਰਹੀਆਂ ਖੇਡਾਂ



ਮਨੁੱਖ ਦੀ ਜ਼ਿੰਦਗੀ ਦੇ ਤਿੰਨ ਅਹਿਮ ਪੜਾਅ ਹੁੰਦੇ ਹਨ-ਬਚਪਨ, ਜਵਾਨੀ ਅਤੇ ਬੁਢਾਪਾ। ਇਨ੍ਹਾਂ ਤਿੰਨਾਂ ਵਿਚੋਂ ਜੋ ਅਹਿਮ ਪੜਾਅ ਮਨੁੱਖੀ ਜ਼ਿੰਦਗੀ ਵਿਚ ਆਉਂਦਾ ਹੈ ਉਹ ਹੈ ਬਚਪਨ। ਜੀਵਨ ਦੇ ਇਸ ਪੜਾਅ ਦੀਆਂ ਖੱਟੀਆਂ-ਮਿੱਠੀਆਂ ਘਟਨਾਵਾਂ ਇਨਸਾਨ ਨੂੰ ਪੂਰੀ ਜ਼ਿੰਦਗੀ ਯਾਦ ਰਹਿੰਦੀਆਂ ਹਨ ਅਤੇ ਉਸ ਦੁਆਰਾ ਖੇਡੀਆਂ ਖੇਡਾਂ ਵੀ ਉਸ ਨੂੰ ਭੁਲਾਇਆਂ ਨਹੀਂ ਭੁੱਲਦੀਆਂ। ਪਹਿਲਾਂ ਬੱਚੇ ਛੂਹਣ-ਛੁਹਾਈ, ਕੋਟਲਾ ਛਪਾਕੀ, ਬਾਂਦਰ-ਕੀਲਾ, ਜੰਜ਼ੀਰ-ਛੂਹ, ਲੁਕਣ-ਮੀਚੀ, ਚੰਬਾ, ਭੰਡਾ ਭੰਡਾਰੀਆ, ਪਿੱਠੂ ਕਾਇਮ, ਉਚ-ਨੀਚ, ਖਿੱਦੋ-ਖੂੰਡੀ, ਅੱਡੀ ਜਮਾਈ, ਗੇਂਦ ਠੀਕਰੀਆਂ, ਖਿੱਦੂ ਕੁੱਟ, ਕਾਨਾ ਘੋੜੀ, ਸ਼ੱਕਰ ਭੁੰਜੀ, ਜੰਗ ਪਲੰਗਾ ਆਦਿ ਵਰਗੀਆਂ ਰਵਾਇਤੀ ਖੇਡਾਂ ਖੇਡ ਕੇ ਆਪਣਾ ਦਿਲ-ਪ੍ਰਚਾਵਾ ਕਰਦੇ ਸਨ। ਇਨ੍ਹਾਂ ਵਿਚੋਂ ਕਈ ਖੇਡਾਂ ਖੇਡਣ ਤੋਂ ਪਹਿਲਾਂ ਵਾਰੀ ਮਿੱਥੀ ਜਾਂਦੀ ਸੀ। ਵਾਰੀ ਮਿੱਥਣ ਲਈ ਬੱਚੇ ਪੁੱਗਦੇ ਸਨ ਅਤੇ ਜੋਬੱਚਾ ਆਖਰ ਵਿਚ ਪੁੱਗਣੋਂ ਰਹਿ ਜਾਂਦਾ ਸੀ ਉਸ ਬੱਚੇ ਸਿਰ ਵਾਰੀ ਆ ਜਾਂਦੀ। ਖੁੱਲ੍ਹੇ ਆਸਮਾਨ ਹੇਠ ਖੇਡੀਆਂ ਜਾਣ ਵਾਲੀਆਂ ਰਵਾਇਤੀ ਖੇਡਾਂ ਜਿਥੇ ਬੱਚੇ ਦਾ ਮਨੋਰੰਜਨ ਕਰਦੀਆਂ ਸਨ ਉਥੇ ਉਸ ਦਾ ਸਰੀਰਕ ਤੇਮਾਨਸਿਕ ਵਿਕਾਸ ਵੀ ਕਰਦੀਆਂ ਸਨ। ਇਹ ਖੇਡਾਂ ਬੱਚੇ ਨੂੰ ਚੁਸਤ-ਫੁਰਤ ਅਤੇ ਅਰੋਗ ਰੱਖਣ ਵਿਚ ਵੀ ਸਹਾਈ ਹੁੰਦੀਆਂ ਸਨ ਕਿਉਂਕਿ ਇਨ੍ਹਾਂ ਖੇਡਾਂ ਨਾਲ ਬੱਚੇ ਦੀ ਚੰਗੀ ਸਰੀਰਕ ਕਸਰਤ ਹੋ ਜਾਂਦੀ ਸੀ।

ਬਦਲੇ ਸਮੇਂ ਦੇ ਨਾਲ ਜਿਥੇ ਹਰ ਖੇਤਰ ਵਿਚ ਤਬਦੀਲੀ ਆਈ ਹੈ, ਉਥੇ ਇਸ ਵਿਗਿਆਨ ਤੇ ਕੰਪਿਊਟਰ ਦੇ ਯੁੱਗ ਨੇ ਬੱਚਿਆਂ ਦੀਆਂ ਖੇਡਾਂ ਅਤੇ ਉਨ੍ਹਾਂ ਦੇ ਮਨੋਰੰਜਨ ਦੇ ਸਾਧਨ ਵੀ ਬਦਲ ਦਿੱਤੇ ਹਨ। 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇਕ ਮੁੱਠੀ ਚੁੱਕ ਲੈ ਦੂਜੀ ਤਿਆਰ' ਦੀਆਂ ਆਵਾਜ਼ਾਂ ਪੁਰਾਤਨ ਸਮਿਆਂ ਵਿਚ ਗੂੰਜਿਆ ਕਰਦੀਆਂ ਸਨ। ਸ਼ਾਇਦ ਹੀਹੁਣ ਕਿਸੇ ਬੱਚੇ ਨੂੰ ਪਤਾ ਹੋਵੇਗਾ ਕਿ 'ਬਾਬਾ ਤੇਰੀਆਂ ਊਚਾਂ ਉੱਤੇ' ਦਾ ਕੀ ਅਰਥ ਹੈ ਅਤੇ ਇਹ ਸ਼ਬਦ ਕਿਹੜੀ ਖੇਡ ਵਿਚ ਕਦੋਂ ਵਰਤੇ ਜਾਂਦੇ ਸਨ। ਪਰ ਹੁਣ ਇਹ ਸਭ ਕੁਝ ਅਲੋਪ ਹੋ ਚੁੱਕਾ ਹੈ। ਹੁਣ ਬੱਚੇ ਇਨ੍ਹਾਂ ਖੇਡਾਂ ਨੂੰ ਛੱਡ ਕੇ ਬੰਦ ਕਮਰੇ ਵਾਲੀਆਂ ਖੇਡਾਂ ਖੇਡਣੀਆਂ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਬੱਚੇ ਸਵੇਰੇ ਸਵੇਰੇ ਹੀ ਸਕੂਲਾਂ ਨੂੰ ਚਲੇ ਜਾਂਦੇ ਹਨ। ਦੁਪਹਿਰ ਤੋਂ ਬਾਅਦ ਬੱਚੇ ਘਰ ਵਾਪਸ ਆਉਂਦੇ ਹਨ, ਥੋੜ੍ਹਾ ਚਿਰ ਆਰਾਮ ਕਰਦੇ ਹਨ, ਫਿਰ ਹੋਮ-ਵਰਕ ਕਰਨ ਲੱਗ ਪੈਂਦੇ ਹਨ। ਕੰਪਿਊਟਰ ਗੇਮਾਂ ਅਤੇ ਵੀਡੀਓ ਗੇਮਾਂ ਨੂੰ ਇਨ੍ਹਾਂ ਰਵਾਇਤੀ ਖੇਡਾਂ ਦੀ ਮਹੱਤਤਾ ਅਤੇ ਗੁਣਾਂ ਨੂੰ ਢੱਕ ਲਿਆ ਹੈ, ਅੱਜ ਦੇ ਬੱਚੇ ਨੂੰ ਇਨ੍ਹਾਂ ਰਵਾਇਤੀ ਖੇਡਾਂ ਦਾ ਨਜ਼ਾਰਾ ਮਾਨਣਾ ਨਸੀਬ ਨਹੀਂ ਹੋ ਰਿਹਾ।

ਰਵਾਇਤੀ ਖੇਡਾਂ ਖਤਮ ਹੋਣ ਦੇ ਕਈ ਕਾਰਨ ਹਨ, ਜਿਵੇਂ ਪੱਛਮੀ ਸੱਭਿਆਚਾਰ ਦਾ ਪ੍ਰਭਾਵ ਪੈਣ ਕਾਰਨ ਬੱਚਿਆਂ ਅੰਦਰ ਫੈਸ਼ਨ ਪ੍ਰਤੀ ਉਤਸ਼ਾਹ ਵਧਿਆ ਹੈ। ਫੈਸ਼ਨ ਕਰਕੇ ਆਪਣੀ ਦਿੱਖ ਨੂੰ ਸੋਹਣਾ ਬਣਾਉਣਾ ਚਾਹੁੰਦੇ ਹਨ ਅਤੇ ਆਪਣੇ ਸਰੀਰ ਨੂੰ ਪਤਲਾ ਅਤੇ ਚੁਸਤ ਬਣਾਉਣਾ ਚਾਹੁੰਦੇ ਹਨ ਅਤੇ ਖਾਣ-ਪੀਣ ਵਿਚ ਵੀ ਹਲਕੀਆਂ ਚੀਜ਼ਾਂ ਦੀ ਵਰਤੋਂ ਕਰਦੇ ਹਨ। ਬੱਚਿਆਂ ਵਿਚ ਇਕੱਠਿਆਂ ਰਹਿ ਕੇ ਖੇਡਣ ਦੀ ਆਦਤ ਵੀ ਬਦਲ ਗਈ ਹੈ ਕਿਉਂਕਿ ਬੱਚਾ ਇਕੱਲਾ ਕਮਰੇ ਅੰਦਰ ਗੇਮਾਂ ਖੇਡਣੀਆਂ ਪਸੰਦ ਕਰਦਾ ਹੈ। ਮਾਵਾਂ ਦੀ ਸੋਚ ਵੀ ਬਦਲੀ ਹੈ। ਉਹ ਚਾਹੁੰਦੀਆਂ ਹਨਕਿ ਉਸ ਦਾ ਬੱਚਾ ਮਿੱਟੀ-ਘੱਟੇ ਵਾਲੀਆਂ ਖੇਡਾਂ ਨਾ ਖੇਡੇ। ਉਨ੍ਹਾਂ ਅੰਦਰ ਸਾਫ-ਸੁਥਰੇ ਰਹਿਣ ਦੀ ਬਿਰਤੀ ਆ ਗਈ ਹੈ ਅਤੇ ਪਿੰਡਾਂ ਵਿਚ ਖੇਡ ਮੈਦਾਨ ਦੀ ਕਮੀ ਵੀ ਆ ਗਈ ਹੈ ਕਿਉਂਕਿ ਪਹਿਲਾਂ ਖੁੱਲ੍ਹੇ ਥਾਵਾਂ ਉੱਪਰ ਬੱਚੇ ਅਕਸਰ ਆਪਣੀਆਂ ਖੇਡਾਂ ਖੇਡਿਆ ਕਰਦੇ ਸਨ। ਇਨ੍ਹਾਂ ਕੰਪਿਊਟਰ ਗੇਮਾਂ ਅਤੇ ਟੀ.ਵੀ. ਕਾਰਨ ਬੱਚਿਆਂ ਦੀਆਂ ਨਜ਼ਰਾਂ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਐਨਕਾਂ ਲੱਗ ਰਹੀਆਂ ਹਨ। ਜਿਸ ਕਾਰਨ ਦਿਮਾਗ ਤੇ ਬੋਝ ਵਧ ਰਿਹਾ ਹੈ। ਬੱਚਾ ਸਰੀਰਕ ਤੌਰ 'ਤੇ ਕਮਜ਼ੋਰ ਹੁੰਦਾ ਜਾ ਰਿਹਾ ਹੈ ਅਤੇ ਉਸ ਦੀ ਯਾਦ ਸ਼ਕਤੀ ਵੀ ਕਮਜ਼ੋਰ ਹੁੰਦੀ ਜਾ ਰਹੀ ਹੈ।

ਹੁਣ ਤਾਂ ਮਾਪੇ ਆਪਣੇ ਬੱਚਿਆਂ ਨੂੰ ਪੜ੍ਹਾਈ ਵਿਚ ਹੁਸ਼ਿਆਰ ਬਣਾਉਣ ਲਈ ਲੱਗੇ ਹੋਏ ਹਨ। ਅਸੀਂ ਬੱਚੇ ਦੀ ਜ਼ਿੰਦਗੀ ਨੂੰ ਏਨੀ ਰੁਝੇਵਿਆਂ ਭਰੀ ਬਣਾ ਦਿੱਤਾ ਹੈ ਕਿ ਉਸ ਕੋਲ ਇਨ੍ਹਾਂ ਖੇਡਾਂ ਬਾਰੇ ਸੋਚਣ ਤੱਕ ਦਾ ਵੀ ਸਮਾਂ ਨਹੀਂ, ਖੇਡਣਾ ਤਾਂ ਇਕ ਪਾਸੇ ਰਿਹਾ। ਸ਼ਾਮ ਵੇਲੇ ਬੱਚਿਆਂ ਨੂੰ ਸੌਣ ਤੋਂ ਪਹਿਲਾਂ ਦਾਦੀ ਜਾਂ ਨਾਨੀ 'ਬਾਤਾਂ' ਸੁਣਾਇਆ ਕਰਦੀਆਂ ਸਨ। ਇਹ ਬਾਤਾਂ ਸਿੱਖਿਆ ਅਤੇ ਮਨੋਰੰਜਨ ਨਾਲ ਭਰਪੂਰ ਹੁੰਦੀਆਂ ਸਨ ਪਰ ਹੁਣ ਇਹ ਬਾਤਾਂ ਵੀ ਅਲੋਪ ਹੋ ਚੁੱਕੀਆਂ ਹਨ। ਇਸ ਤਰ੍ਹਾਂ ਅਸੀਂ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਕਹਾਵਤ ਅਨੁਸਾਰ ਜਿਥੇ ਸਮੇਂ ਦੀ ਤਬਦੀਲੀ ਨਾਲ ਬੱਚਿਆਂ ਦੇ ਮਨੋਰੰਜਨ ਦੇ ਸਾਧਨ ਅਤੇ ਖੇਡਾਂ ਨੂੰ ਬਦਲ ਦਿੱਤਾ ਹੈ ਉਥੇ ਆਪਣੇ ਸੱਭਿਆਚਾਰ ਦੇ ਇਕ ਅਹਿਮ ਅੰਗ ਨੂੰ ਆਪ ਹੀ ਨਕਾਰਾ ਕਰਕੇ ਰੱਖ ਦਿੱਤਾ ਹੈ। ਬੱਚਿਆਂ ਨੂੰ ਫਿਰ ਤੋਂ ਖੁੱਲ੍ਹੇ ਆਸਾਮਾਨ ਹੇਠ ਖੇਡੀਆਂ ਜਾਣ ਵਾਲੀਆਂ ਖੇਡਾਂ ਵੱਲ ਪ੍ਰੇਰਤ ਕਰੀਏ ਤਾਂ ਜੋ ਉਹ ਵਿੱਸਰ ਰਹੀਆਂ ਖੇਡਾਂ ਨੂੰ ਦੁਬਾਰਾ ਅਪਣਾ ਕੇ ਆਪਣੇ ਬਚਪਨ ਨੂੰ ਖੁਸ਼ੀਆਂ ਖੇੜਿਆਂ ਨਾਲ ਭਰ ਸਕਣ।

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸਨ (ਰਜਿ.) ਦੀਆਂ ਸਰਗਰਮੀਆਂ



ਲੁਬਾਣਾ ਸੇਵਕ ਦੇ ਮੈਂਬਰਾਂ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਰਿਹਾਇਸ਼ੀ ਕਮਰਿਆਂ ਦੀ ਰਿਹਾਇਸ਼ ਦੀ ਦਰ (ਆਕੂਪੈਂਸੀ ਰੇਟ) ਕਾਫੀ ਹੱਦ ਤੱਕ ਵੱਧ ਗਈ ਹੈ ਜੋ ਕਿ ਹੁਣ ਔਸਤ 60% ਤੋਂ 80% ਤੱਕ ਅਤੇ ਕਦੇ -ਕਦੇ 100% ਤੱਕ ਵੀ ਰੁਝਾਣ ਵਜੋਂ ਵੇਖਿਆ ਗਿਆ ਹੈ। ਇਹ ਸਭ ਸਿਹਰਾ ਨਵੀਂ ਮੈਨੇਜਮੈਂਟ ਦੀ ਕਾਰਗੁਜ਼ਾਰੀ, ਉਨ੍ਹਾਂ ਦੇ ਮਿਲਵਰਤਣ ਅਤੇ ਆਪਸੀ ਸਹਿਯੋਗ ਦਾ ਨਤੀਜਾ ਹੈ। ਜਿਸ ਨਾਲ ਬੁਕਿੰਗ ਦੀ ਆਮਦਨ ਵਿਚ ਕਾਫੀ ਫਰਕ ਪਿਆ ਹੈ। ਇਸ ਉਪਰੰਤ ਭਵਨ ਦੇ ਮੇਨ ਹਾਲ, ਮੇਨ ਆਡੀਟੋਰੀਅਮ ਅਤੇ ਭਾਈ ਮਨੀ ਸਿੰਘ ਬਲਾਕ ਦੇ ਦੋ ਮਿੰਨੀ ਹਾਲ ਦੀ ਬੁਕਿੰਗ ਵੀ ਕਾਫੀ ਚੰਗੇ ਨਤੀਜੇ ਦੇ ਰਹੀ ਹੈ।

**ਮੁਰੰਮਤ ਅਤੇ ਨਵੀਨੀਕਰਨ (ਰੈਨੋਵੇਸ਼ਨ) ਦੀ ਜਾਣਕਾਰੀ** :- ਭਾਈ ਮਨੀ ਸਿੰਘ ਬਲਾਕ ਦੇ ਰਿਹਾਇਸ਼ੀ ਕਮਰਿਆਂ ਦੀ ਦਿੱਖ ਨੂੰ ਕਾਇਮ ਰੱਖਣ ਲਈ ਸਾਰੇ ਹੀ 12 ਕਮਰਿਆਂ ਨੂੰ ਰੰਗ-ਰੋਗਨ ਕਰਾ ਦਿੱਤਾ ਗਿਆ ਹੈ ਅਤੇ ਸਾਰੇ ਹੀ ਕਮਰਿਆਂ ਦੀਆਂ ਬੈੱਡ ਸ਼ੀਟਾਂ ਅਤੇ ਸਰਹਾਣੇ ਬਗੈਰਾ ਨਵੇਂ ਚੰਗੀ ਕਿਸਮ ਵਿਚ ਤਬਦੀਲ ਕਰ ਦਿੱਤੇ ਗਏ ਹਨ ਤਾਂ ਕਿ ਰਿਹਾਇਸ਼ੀ ਮਹਿਮਾਨਾਂ ਨੂੰ ਕਿਸੇ ਤਰ੍ਹਾਂ ਦੀ ਬਦਬੂ ਅਤੇ ਗੰਦਗੀ ਮਹਿਸੂਸ ਨਾ ਹੋਵੇ। ਸਾਰੇ ਹੀ ਬਾਥਰੂਮਾਂ ਵਿਚ ਨਵੀਂਆਂ ਬਾਲਟੀਆਂ ਅਤੇ ਮੱਗ ਨਹਾਉਣ ਲਈ ਉਪਲਬਧ ਕਰ ਦਿੱਤੇ ਗਏ ਹਨ। ਇਸੇ ਹੀ ਤਰ੍ਹਾਂ ਪੁਰਾਣੇ ਬਲਾਕ ਦੇ ਰਿਹਾਇਸ਼ੀ ਕਮਰਿਆਂ ਦੀ ਹਾਲਤ ਵੀ ਕਾਫੀ ਚਿੰਤਾਜਨਕ ਹੋਣ ਕਰਕੇ ਸਾਰੇ ਹੀ ਕਮਰਿਆਂ ਨੂੰ ਰੰਗ-ਰੋਗਨ ਕਰਾ ਦਿੱਤਾ ਗਿਆ ਹੈ ਅਤੇ ਬਾਥਰੂਮਾਂ ਦੀਆਂ ਟੂਟੀਆਂ ਵੀ ਲੋੜ ਅਨੁਸਾਰ ਤਬਦੀਲ ਕੀਤੇ ਗਏ ਹਨ। ਭਾਈ ਲੱਖੀ ਸਾਹ ਬਲਾਕ ਦੇ ਸਾਰੇ ਹੀ ਕਮਰਿਆਂ ਨੂੰ ਨਵੇਂ ਸਿਰੇ ਤੋਂ ਉਸਾਰੀ ਕਰਨ ਲਈ ਵਰਕਿੰਗ ਕਮੇਟੀ ਵਲੋਂ ਪ੍ਰਵਾਨਗੀ ਮਿਲ ਚੁੱਕੀ ਹੈ ਅਤੇ ਇਹ ਕੰਮ ਵਿੱਤ ਸਹਾਇਤਾ ਪ੍ਰਾਪਤ ਹੋਣ ਤੇ ਸ਼ੁਰੂ ਕੀਤਾ ਜਾਵੇਗਾ ਜਿਸ ਲਈ ਮੈਨੇਜਮੈਂਟ ਵਲੋਂ ਉਪਰਾਲੇ ਕੀਤੇ ਜਾ ਰਹੇ ਹਨ।

ਗੁਰੂ ਲਾਧੋ ਰੇ ਦਿਵਸ ਨੂੰ ਮਨਾਉਣ ਲਈ ਕੀਤੀਆਂ ਗਈਆਂ ਤਿਆਰੀਆਂ ਵਿਚ ਲੁਬਾਣਾ ਭਵਨ ਦੇ ਬਾਹਰਲੇ ਹਿੱਸੇ ਨੂੰ ਪੂਰੀ ਤਰ੍ਹਾਂ ਚਿੱਟਾ ਰੰਗ ਕੀਤਾ ਗਿਆ ਹੈ ਜੋ ਕਿ ਆਉਣ ਵਾਲੀ ਸੰਗਤ ਵੱਲੋਂ ਦਿੱਖ ਨੂੰ ਬਹੁਤ ਹੀ ਸਲਾਹਿਆ ਗਿਆ। ਇਸ ਗੁਰੂ ਲਾਧੋ ਰੇ ਦਿਵਸ ਤੇ ਪਿਛਲੇ ਸਾਲਾਂ ਮੁਕਾਬਲੇ ਸੰਗਤਾਂ ਦੀ ਕਾਫੀ ਵੱਧ ਰੌਣਕ ਰਹੀ।

ਸਟਾਫ ਮੈਂਬਰਾਂ ਦੀ ਰਿਹਾਇਸ਼ੀ ਉਸਾਰੀ ਲਈ ਅਤੇ ਆਰਜੀ ਬਾਥਰੂਮਾਂ ਦੀ ਉਸਾਰੀ ਲਈ ਵਰਕਿੰਗ ਕਮੇਟੀ ਵਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ ਅਤੇ ਇਸ ਉਸਾਰੀ ਨੂੰ ਸ਼ੁਰੂ ਕਰਨ ਲਈ ਵਿੱਤ ਕਮੇਟੀ ਵਲੋਂ ਵੀ ਪ੍ਰੋਜੈਕਟ ਅਨੁਮਾਨ ਪਾਸ ਕਰ ਦਿੱਤਾ ਹੈ। ਜਿਸ ਦੀ ਉਸਾਰੀ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ। ਵਰਕਿੰਗ ਕਮੇਟੀ ਦੇ ਫੈਸਲੇ ਦੀ ਪਾਲਣਾ ਕਰਦੇ ਹੋਏ ਭਾਈ ਲੱਖੀ ਸ਼ਾਹ ਬਲਾਕ ਦੇ ਜ਼ਨਾਨਾ ਬਾਥਰੂਮ ਨੂੰ ਨਵੇਂ ਸਿਰੇ ਤੋਂ ਉਸਾਰੀ ਕਰਵਾਉਣ ਉਪਰੰਤ ਚਾਲੂ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਮਰਦਾਨਾ ਬਾਥਰੂਮ ਦਾ ਕੰਮ ਵੀ ਨਵੇਂ ਸਿਰੇ ਤੋਂ ਕੀਤਾ ਗਿਆ। ਮੇਨ ਹਾਲ ਦੇ ਗਰਾਊਂਡ ਫਲੋਰ ਦੇ ਮਰਦਾਨਾ ਬਾਥਰੂਮ ਨਵੇਂ ਸਿਰੇ ਤੋਂ ਕੀਤੇ ਜਾ ਚੁੱਕੇ ਹਨ ਅਤੇ ਜ਼ਨਾਨਾ ਬਾਥਰੂਮਾਂ ਨੂੰ ਨਵੇਂ ਸਿਰੇ ਤੋਂ ਉਸਾਰੀ ਲਈ ਜਲਦੀ ਹੀ ਕੰਮ ਸ਼ੁਰੂ ਕੀਤਾ ਜਾਵੇਗਾ।

**ਹੈਲਥ ਸੈਂਟਰ ਦੀ ਜਾਣਕਾਰੀ** :- ਲੁਬਾਣਾ ਭਵਨ ਵਿਚ ਹੈਲਥ ਕੇਅਰ ਸੈਂਟਰ ਚਲਾਇਆ ਜਾ ਰਿਹਾ ਹੈ। ਕਲੀਨਿਕਲ ਲੈੱਬ ਦੀ ਉਪਲਬਤਾ ਨੂੰ ਵੇਖਦੇ ਹੋਏ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਧੀ ਹੈ ਜੋ ਕਿ ਬੜੀ ਖੁਸ਼ੀ ਦੀ ਗੱਲ ਹੈ ਅਤੇ ਮੈਡੀਕਲ ਅਫਸਰ ਨੂੰ ਹੋਰ ਵਧੀਆਂ ਸਹੂਲਤਾਂ ਮੁਹਾਈਆਂ ਕਰਵਾਉਣ ਲਈ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਕਲੀਨਿਕਲ ਲੈਬ ਦੀ ਹੋਂਦ ਨੂੰ ਵੇਖਦੇ ਹੋਏ ਮਰੀਜ਼ਾਂ ਦੀ ਆਵਾਜਾਈ ਵੱਧ ਗਈ ਹੈ ਜਿਸ ਨਾਲ ਹੈਲਥ ਸੈਂਟਰ ਦੀ ਆਮਦਨ ਕੁਝ ਵਧੀ ਲੱਗਦੀ ਹੈ ਅਤੇ ਇਹ ਸ਼ਲਾਘਾਯੋਗ ਹੈ। ਡੈਂਟਲ ਚੇਅਰ ਦੀ ਸੈਟਿੰਗ ਲਈ ਮੈਨੇਜਮੈਂਟ ਵਲੋਂ ਕੁਟੇਸ਼ਨਾਂ ਲੈ ਲਈ ਗਈਆਂ ਹਨ ਅਤੇ ਜਲਦੀ ਹੀ ਡੈਂਟਲ ਕਲੀਨਿਕ ਦੀ ਸਹੂਲਤ ਲੁਬਾਣਾ ਭਵਨ ਵਿਚ ਉਪਲਬਧ ਹੋ ਜਾਵੇਗੀ।

**(ਗੁਰਚਰਨ ਸਿੰਘ)**
**ਪ੍ਰਧਾਨ**

# ਸਾਦਾ ਸ਼ੁੱਭ

ਬੀਬੀ ਜਸਵਿੰਦਰ ਕੌਰ ਸਪੁੱਤਰੀ ਸ੍ਰੀ ਬਲਬੀਰ ਲਾਲ ਵਾਸੀ ਪਿੰਡ ਤੇ ਡਾ.- ਮਹਿਤਪੁਰ ਲੱਦਣੀ, ਤਹਿਸੀਲ- ਬਲਾਚੌਰ, ਜ਼ਿਲ੍ਹਾ-ਸ਼ਹੀਦ ਭਗਤ ਸਿੰਘ ਨਗਰ ਜੋ ਕਿ ਮੋਹਾਲੀ ਵਿਖੇ ਐਮ.ਕਾਮ. ਅਤੇ ਕੰਪਿਊਟਰ ਦਾ ਕੋਰਸ ਕਰਨ ਉਪਰੰਤ ਸ਼ਿਵਾਲਿਕ ਜਿਉਟੈਕ ਸਰਵਿਸਜ਼ ਕੰਪਨੀ ਵਿਚ ਸੇਵਾ ਨਿਭਾ ਰਹੀ ਹੈ ਦਾ ਸ਼ੁੱਭ ਵਿਆਹ ਕਾਕਾ ਮੰਗ ਗੁਰਪ੍ਰਸਾਦ ਸਪੁੱਤਰ ਸ੍ਰੀ ਅਮਰਨਾਥ ਨਾਲ ਪਿੰਡ-ਕੱਚਾ ਮਾਛੀਵਾੜਾ, ਤਹਿਸੀਲ-ਸਮਰਾਲਾ, ਜ਼ਿਲ੍ਹਾ-ਲੁਧਿਆਣਾ ਮਿਤੀ 23-11-2014 ਨੂੰ ਬੜੇ ਹੀ ਸਾਦੇ ਢੰਗ ਨਾਲ ਹੋਇਆ। ਵਿਆਹ ਇਨ੍ਹਾ ਸਾਦਾ ਸੀ ਕਿ ਪੜ੍ਹੇ ਲਿਖੇ ਯੋਗ, ਸੁੰਦਰ ਅਤੇ ਖੁਸ਼ਹਾਲ ਪਰਿਵਾਰ ਨਾਲ ਸੰਬੰਧ ਰੱਖਣ ਦੇ ਬਾਵਜੂਦ ਇਕ ਮਿਸਾਲ ਕਾਇਮ ਕਰ ਗਏ ਹਨ। ਲੜਕੇ ਵਾਲੇ 23-11-2014 ਨੂੰ ਸੋਹਣੀ, ਲਾਇਕ ਅਤੇ ਸੁੱਚਜੀ ਲੜਕੀ ਜਸਵਿੰਦਰ ਕੌਰ ਨੂੰ ਆਪਣੇ ਤਿੰਨ-ਚਾਰ ਪਰਿਵਾਰ ਦੇ ਮੈਂਬਰਾਂ ਨਾਲ ਵੇਖਣ ਆਏ ਅਤੇ ਲੜਕੀ ਵਾਲਿਆਂ ਵਲੋਂ ਵੀ ਤਿੰਨ-ਚਾਰ ਮੈਬਰਾਂ ਦੀ ਮੌਜੂਦਗੀ ਵਿਚ ਵਿਆਹ ਦੀ ਬਿਨ੍ਹਾਂ ਕੋਈ ਖਰਚ ਕੀਤੇ ਯਕਦਮ ਉਸੇ ਦਿਨ ਵਿਆਹ ਕੇ ਸਹੁਰੇ ਲੈ ਗਏ। ਬਾਹਰ ਜਾਣ ਪਹਿਚਾਣ ਵਾਲਿਆਂ ਲਈ ਹੈਰਾਨਗੀ ਵਾਲੀ ਗੱਲ ਸੀ ਅਤੇ ਪਤਾ ਲੱਗਣ ਤੇ ਵਧਾਈਆਂ ਦੇ ਨਾਲ ਮਿਠਾਈ ਬਾਰੇ ਪੁੱਛਿਆ ਤਾਂ ਲੜਕੀ ਵਾਲਿਆਂ ਨੇ ਕਿਹਾ ਕਿ 30-11-2014 ਨੂੰ ਰਿਸੈਪਸ਼ਨ ਦੇਣ ਦਾ ਪ੍ਰੋਗਰਾਮ ਬਣਾ ਰਹੇ ਹਾਂ, ਪ੍ਰੰਤੂ ਲੜਕੇ ਵਾਲਿਆਂ ਨੇ ਰਿਸੈਪਸ਼ਨ ਕਰਨ ਤੋਂ ਮਨਾ ਕਰ ਦਿੱਤਾ ਅਤੇ ਕਿਹਾ ਕਿ ਜੇਕਰ ਲੜਕੇ ਵਾਲੇ ਸਾਦੇ ਵਿਆਹ ਵਿਚ ਯਕੀਨ ਰੱਖਦੇ ਹਨ ਤਾਂ ਲੜਕੀ ਵਾਲੇ ਫਜ਼ੂਲ ਖਰਚ ਕਿਉਂ ਕਰਨ। ਇਸ ਸਾਰੇ ਕੰਮ ਵਿਚ ਮੈਂ ਸਮਝਦਾ ਹਾ ਕਿ ਲੜਕੇ ਵਾਲਿਆਂ ਨੂੰ ਵੱਧ ਸਿਹਰਾ ਜਾਂਦਾ ਹੈ। ਇਸ ਵਿਆਹ ਨੂੰ ਵੇਖਦੇ ਹੋਏ ਖਰਚ ਵਾਲੇ ਵਿਆਹ ਤੋਂ ਕਿਤੇ ਵੱਧ ਮਨ ਬਹੁਤ ਖੁਸ਼ ਹੋਇਆ।

ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਇਸ ਸੁਭਾਗ ਜੋੜੀ ਨੂੰ ਲੰਮੀਆਂ ਸਾਰੀਆਂ ਖੁਸ਼ੀਆਂ ਬਖਸ਼ੇ ਅਤੇ ਬਾਕੀ ਸਮਾਜ ਨੂੰ ਸੇਧ ਬਖਸ਼ੇ ਤਾਂਕਿ ਇਸ ਵਿਆਹ ਤੋਂ ਜੇ ਕੁਝ ਪਰਿਵਾਰ ਸੇਧ ਲੈ ਲੈਣ ਤਾਂ ਇਕ ਬਹੁਤ ਚੰਗੀ ਸੋਚ ਨਾਲ ਵੱਡੀ ਸ਼ੁਰੁਆਤ ਹੋਵੇਗੀ। ਸਮੇਂ ਦੀ ਮੰਗ ਹੈ ਕਿ ਫਜ਼ੂਲ ਖਰਚੇ, ਸਮਾਂ ਬਰਬਾਦੀ, ਵੱਧ ਰਹੀ ਮਹਿੰਗਾਈ ਅਤੇ ਖਾਸ ਕਰਕੇ ਗਰੀਬ ਪਰਿਵਾਰਾਂ ਨੂੰ ਸੇਧ ਲੈ ਕੇ ਸਾਦੇ ਵਿਆਹ ਕਰਨੇ ਚਾਹੀਦੇ ਹਨ। ਇਸ ਵਿਚ ਸਰਦੇ-ਪੁੱਜਦੇ ਪੜ੍ਹੇ ਲਿਖੇ ਉੱਚੇ ਪਰਿਵਾਰਾਂ ਨੂੰ ਇਸ ਤਰ੍ਹਾਂ ਦੀਆਂ ਵਿਆਹ ਰੀਤਾਂ ਕਰਕੇ ਸੇਧ ਲੈਣੀ ਚਾਹੀਦੀ ਹੈ ਅਤੇ ਫਜ਼ੂਲ ਖਰਚਿਆਂ ਪੈਸਾ ਲੋੜਵੰਦਾਂ ਅਤੇ ਗਰੀਬਾਂ ਦੇ ਹਿੱਤਾਂ ਲਈ ਵਰਤਿਆ ਜਾਵੇ ਜਿਸ ਨਾਲ ਸੰਸਾਰਿਕ ਸ਼ੁਹਰਤ ਅਤੇ ਆਤਮਿਕ ਸ਼ਾਂਤੀ ਮਿਲੇਗੀ।

**(ਗੁਰਚਰਨ ਸਿੰਘ)**

**ਪ੍ਰਧਾਨ**

# ਕਾਵਿ-ਕਿਆਰੀ

## (1) ਕਵਿਤਾ



ਵਿਚ ਚਮਕੌਰ ਜਦੋਂ ਪੁੱਤ ਦਿੱਤੇ ਤੋਰ
ਜਦੋਂ ਮਚ ਗਿਆ ਸ਼ੋਰ ਅਤੇ ਕੰਬਿਆ ਜਹਾਨ ਹੈ
ਅਜੀਤ ਤੇ ਜੁਝਾਰ ਜਦੋਂ ਚੁਕੀ ਤਲਵਾਰ
ਜਦੋਂ ਮੌਤ ਲਈ ਪਿਆਰ ਤਕ ਰੋਇਆ ਅਸਮਾਨ ਹੈ
ਜੀਤਾਂ ਦੇ ਦੁਲਾਰੇ ਨੇ ਇਹ ਦਾਦੀ ਦੇ ਪਿਆਰੇ ਨੇ
ਇਹ ਰੌਸ਼ਨ ਮੀਨਾਰੇ ਬਾਜਾਂ ਵਾਲੇ ਦੀ ਇਹ ਸ਼ਾਨ ਹੈ
ਕਦੀ ਸ਼ਮਸ਼ੀਰਾਂ ਨਾਲ ਕਦੀ ਤਿੱਖੇ ਤੀਰਾਂ ਨਾਲ
ਜੂਝ ਰਹੀ ਮੈਦਾਨ 'ਚ ਗੋਬਿੰਦ ਦੀ ਸੰਤਾਨ ਹੈ

ਅਜੀਤ ਤੇ ਜੁਝਾਰ ਦੋਵੇਂ ਪਾ ਗਏ ਸ਼ਹੀਦੀ
ਜਦੋਂ ਭਾਈ ਦਇਆ ਸਿੰਘ ਜੀ ਨੇ ਕੀਤਾ ਇਹ ਐਲਾਨ ਹੈ
ਜੱਗ ਦਿਆ ਮਾਲਕਾ ਵੇ ਸਾਡੇ ਪ੍ਰਤਿਪਾਲਕਾ ਵੇ
ਸਮਾਂ ਅੱਧੀ ਰਾਤ ਦਾ ਮਾਹੌਲ ਸੁੰਨਸਾਨ ਹੈ
ਆਪ ਹੀ ਹੈ ਗੁਰੂ ਅਤੇ ਆਪ ਹੀ ਤੂੰ ਚੇਲਾ
ਪਿਤਾ ਖਾਲਸੇ ਨੂੰ ਦਿੱਤਾ ਹੋਇਆ ਤੂੰ ਹੀ ਸਨਮਾਨ ਹੈ
ਛੱਡ ਚਮਕੌਰ ਗੜੀ ਤੁਰ ਜਾਹ ਤੂ ਦਾਤਿਆ ਵੇ
ਏਹੋ ਸਾਡੀ ਬੇਨਤੀ ਤੇ ਏਹੋ ਫੁਰਮਾਨ ਹੈ

ਕਹਿਣਾ ਮੰਨ ਖਾਲਸੇ ਦਾ ਤੁਰੇ ਦਸਮੇਸ਼ ਜਦੋਂ
ਖੇਡ ਉਦੋਂ ਨਵੀਂ ਇਕ ਹੋਈ ਸੀ ਦਾਤਾਰ ਦੀ
ਕਾਲੀ ਬੋਲੀ ਰਾਤ ਉਤੋਂ ਨੇਰੇ ਨੇ ਹਨੇਰ ਪਾਇਆ
ਬੱਦਲਾਂ 'ਚੋਂ ਬਿਜਲੀ ਝਮੱਕੇ ਪਈ ਸੀ ਮਾਰਦੀ
ਤੱਕਿਆ ਸੀ ਥੱਲੇ ਵੱਲ ਜਦੋਂ ਬਾਜਾਂ ਵਾਲੜੇ ਨੇ
ਲਾਸ਼ ਉਦੋਂ ਦਿਸੀ ਸੋਹਣੇ ਲਾਡਲੇ ਜੁਝਾਰ ਦੀ
ਪਾਈ ਸੀ ਸ਼ਹੀਦੀ ਅਤੇ ਅੱਖਾਂ ਅੱਧ ਖੁਲ੍ਹੀਆਂ ਸੀ
ਹੱਥ ਵਿਚ ਫੜੀ ਹੋਈ ਸੀ ਮੁਠ ਤਲਵਾਰ ਦੀ

ਨਿੱਕੇ ਨਿੱਕੇ ਪਿਆਰੇ ਪਿਆਰੇ ਬਾਜਾਂ ਵਾਲੇ ਦੇ ਦੁਲਾਰੇ
ਨੀਹਾਂ 'ਚ ਖਲੋਤੇ ਹੋਏ ਨਿੱਕੇ ਨਿੱਕੇ ਬਾਲ ਨੇ
ਇਕ ਦੂਜੇ ਨਾਲ ਕੁਝ ਕਰਦੇ ਸਲਾਹਾਂ ਜਹੀਆਂ
ਚਿਹਰਿਆਂ ਦੇ ਉਤੇ ਕੁਝ ਵੱਖਰੇ ਜਲਾਲ ਨੇ
ਤੇਗ ਦੇ ਦੁਲਾਰੇ ਨੇ ਇਹ ਗੁਜਰੀ ਦੇ ਤਾਰੇ ਨੇ
ਇਹ ਪੰਜਵੇਂ ਗੁਰੂ ਦੇ ਪੜਪੋਤੇ ਦੇ ਇਹ ਲਾਲ ਨੇ
ਵੱਡੇ ਵੀਰਾਂ ਵਾਂਗ ਦੋਵੇਂ ਚਲੇ ਕੁਰਬਾਨੀ ਦੇਣ
ਏਸੇ ਲਈ ਇਹ ਨਿੱਕੇ ਨਿੱਕੇ ਬਾਲ ਬੇਮਿਸਾਲ ਨੇ

ਨਿੱਕੇ-ਨਿੱਕੇ ਹੱਥਾਂ 'ਚ ਹਜ਼ਾਰਾਂ ਹੀ ਕਿਆਮਤਾਂ ਨੇ
ਨਿੱਕੇ ਨਿੱਕੇ ਪੈਰਾਂ ਵਿਚ ਲੱਖਾਂ ਹੀ ਭੁਚਾਲ ਨੇ
ਮੌਤ ਦੇ ਭਿਆਨਕ ਡਰਾਵਿਆਂ ਤੋਂ ਡਰਦੇ ਨਹੀਂ
ਚਿਹਰਿਆਂ ਦੇ ਉੱਤੇ ਆਏ ਜਰਾ ਨਾਂ ਮਲਾਲ ਨੇ
ਬੋਲੇ ਸੋ ਨਿਹਾਲ ਦੇ ਜੈਕਾਰੇ ਲਾਈ ਜਾਂਵਦੇ ਨੇ
ਸ਼ੇਰਾਂ ਵਾਂਗ ਗੱਜਦੇ ਤੇ ਕਰ ਰਹੇ ਕਮਾਲ ਨੇ
ਸਿੱਖੀ ਦੇ ਮਹੱਲ ਦੀਆਂ ਨੀਹਾਂ ਮਜ਼ਬੂਤ ਹੋਣ
ਨੀਹਾਂ 'ਚ ਖਲੋਤੇ ਤਾਹੀਉਂ ਨਿੱਕੇ ਨਿੱਕੇ ਬਾਲ ਨੇ

ਆ ਕੇ ਜਰਾ ਵੇਖ ਸਰਬੰਸ ਦਿਆਂ ਦਾਨੀਆਂ ਵੇ
ਚਰਖੜੀ ਤੇ ਚੜਦਾ ਨਹੀਂ ਹੁਣ ਤੇਰਾ ਖਾਲਸਾ
ਬੀਚਾਂ ਉੱਤੇ ਬਹਿ ਕੇ ਠੰਡੀ ਰੇਤ ਤੇ ਆਰਾਮ ਕਰੇ
ਗੁਰੂ ਬਾਣੀ ਪੜ੍ਹਦਾ ਨਹੀਂ ਹੁਣ ਤੇਰਾ ਖਾਲਸਾ
ਪੀਂਦੇ ਨੇ ਸ਼ਰਾਬ ਅਤੇ ਖਾਂਦੇ ਨੇ ਕਬਾਬ
ਪਿਤਾ ਦੇਗਾਂ ਵਿਚ ਕੜਦਾ ਨਹੀਂ ਹੁਣ ਤੇਰਾ ਖਾਲਸਾ
ਚੌਧਰਾਂ ਦੇ ਪਿੱਛੇ ਸਾਰਾ ਪੰਥ ਹੀ ਖਵਾਰ ਹੋਇਆ
ਲੱਖਾਂ ਨਾਲ ਲੜਦਾ ਨਹੀਂ ਹੁਣ ਤੇਰਾ ਖਾਲਸਾ

ਕਦੀ ਵੀ ਨਾ ਮੁਕਣੈ ਮੁਕਾਇਆਂ ਸਾਥੋਂ
ਯੁਗਾਂ ਤਾਈਂ ਖਾਲਸੇ ਤੇ ਕੀਤਾ ਦਸਮੇਸ਼ ਜੋ ਅਹਿਸਾਨ ਹੈ
ਪੁੱਤਰਾਂ ਨੂੰ ਵਾਰ ਕੇ ਵੀ ਮੁੜ ਮੁੜ ਆਖਦਾ ਹੈ
ਖਾਲਸਾ ਹੀ ਜਿੰਦ ਮੇਰੀ ਖਾਲਸਾ ਹੀ ਜਾਨ ਹੈ
ਲਭਿਆ ਨਾ ਖਾਲਸ ਕੋਈ ਤੇਰੇ ਜਿਹਾ ਲਭਣਾ ਹੈ
ਹਰ ਥਾਂ ਮਿਲਾਵਟਾਂ ਦੀ ਚਲ ਰਹੀ ਦੁਕਾਨ ਹੈ
ਉਹੋ ਇਸ ਜਗ ਵਿਚੋਂ ਹੋ ਕੇ 'ਸੁਰਜੀਤ' ਜਾਵੇ
ਜਿਦੇ ਉੱਤੇ ਬਾਜਾਂ ਵਾਲਾ ਗੁਰੂ ਮਿਹਰਬਾਨ ਹੈ।

## (2) ਵਧਾਈਆਂ ਨਵੇਂ ਸਾਲ ਦੀਆਂ

ਲਿਖਾਰੀਉ ਤੇ ਪੱਤਰਕਾਰੋ, ਦੇਸ਼ ਦਿਓ ਪਹਿਰੇਦਾਰੋ
ਗੁਰੂ ਨਾਨਕ ਦੇ ਪੈਰੋਕਾਰੋ, ਬਜ਼ੁਰਗੋ ਤੇ ਬਰਖੁਰਦਾਰੋ
ਵਧਾਈਆਂ ਨਵੇਂ ਸਾਲ ਦੀਆਂ

ਧੀਆਂ ਨੂੰ ਬਚਾਉਣ ਵਾਲਿਓ, ਸੁਤੇ ਲੋਕ ਜਗਾਉਣ ਵਾਲਿਉ
ਸੱਚ ਦੀ ਆਵਾਜ਼ ਉਠਾਉਣ ਵਾਲਿਉ, ਜ਼ਖ਼ਮਾਂ ਤੇ ਮਰਹਮ ਲਾਉਣ ਵਾਲਿਓ
ਵਧਾਈਆਂ ਨਵੇਂ ਸਾਲ ਦੀਆਂ

ਦੇਸ਼ ਦਿਓ ਜਵਾਨ ਯੋਧਿਓ, ਦੇਸ਼ ਦਿਓ ਕਿਰਸਾਨ ਯੋਧਿਓ
ਦੇਸ਼ ਦਿਓ ਬਲਵਾਨ ਯੋਧਿਓ, ਦੇਸ਼ ਦਿਓ ਮਹਾਨ ਯੋਧਿਓ
ਵਧਾਈਆਂ ਨਵੇਂ ਸਾਲ ਦੀਆਂ

ਦੇਸ਼ ਦਿਓ ਅਣਖੀਲੇ ਪੁਤਰੋ, ਦੇਸ਼ ਦੇ ਸ਼ੈਲ ਛਬੀਲੇ ਪੁਤਰੋ
ਦੇਸ਼ ਦਿਓ ਜ਼ੋਸ਼ੀਲੇ ਪੁਤਰੋ, ਦੇਸ਼ ਦਿਓ ਦਰਦੀਲੇ ਪੁਤਰੋ
ਵਧਾਈਆਂ ਨਵੇਂ ਸਾਲ ਦੀਆਂ

ਅਣਖ਼ਾਂ ਗ਼ੈਰਤਾਂ ਵਾਲੀਓ ਕੁੜੀਓ, ਦੁੱਧ ਮੱਖਣਾਂ ਨਾਲ ਪਾਲੀਓ ਕੁੜੀਓ
ਇੱਜ਼ਤਾਂ ਦੀਆਂ ਰਖਵਾਲੀਓ ਕੁੜੀਓ, ਅਣਖ਼ਾਂ ਵਿਚ ਮਤਵਾਲੀਓ ਕੁੜੀਓ
ਵਧਾਈਆਂ ਨਵੇਂ ਸਾਲ ਦੀਆਂ

ਧਰਮ ਦੇ ਨਾਂ ਤੇ ਲੁੱਟਣਾ ਛੱਡੋ, ਇਕ ਦੂਜੇ ਨੂੰ ਕੁੱਟਣਾ ਛੱਡੋ
ਜੜਾਂ ਧਰਮ ਦੀਆਂ ਪੁੱਟਣਾਂ ਛੱਡੋ, ਪੁਟ ਕੇ ਖੂਹ ਵਿਚ ਸੁੱਟਣਾ ਛੱਡੋ
ਵਧਾਈਆਂ ਨਵੇਂ ਸਾਲ ਦੀਆਂ

ਭੁੱਕੀਆਂ ਚਰਸਾਂ ਖਾਓ ਨਾਂ ਮੁੰਡਿਓ, ਨਸ਼ਿਆਂ ਵਿਚ ਨਹਾਓ ਨਾ ਮੁੰਡਿਓ
ਇੱਜ਼ਤਾਂ ਦਾਅ ਤੇ ਲਾਓ ਨਾ ਮੁੰਡਿਓ, ਅਪਨਾ ਆਪ ਗਵਾਓ ਨਾ ਮੁੰਡਿਓ
ਵਧਾਈਆਂ ਨਵੇਂ ਸਾਲ ਦੀਆਂ

ਭਗਤ ਸਿੰਘ ਸਰਦਾਰ ਵਰਗਿਓ, ਨਲੂਏ ਦੀ ਤਲਵਾਰ ਵਰਗਿਓ
ਊਧਮ ਦੀ ਵੰਗਾਰ ਵਰਗਿਓ, ਸੋਹਣੇ ਅਜੀਤ ਜੁਝਾਰ ਵਰਗਿਓ
ਵਧਾਈਆਂ ਨਵੇਂ ਸਾਲ ਦੀਆਂ

ਆਪਣੇ ਰੱਬ ਨਾਲ ਪ੍ਰੀਤ ਵਰਗਿਓ, ਦੇਸ਼ ਪਿਆਰ ਦੇ ਗੀਤ ਵਰਗਿਓ
ਮਿੱਠੜੇ ਜਹੇ ਸੰਗੀਤ ਵਰਗਿਓ, ਇਸ ਕਮਲੀ 'ਸੁਰਜੀਤ' ਵਰਗਿਓ
ਵਧਾਈਆਂ ਨਵੇਂ ਸਾਲ ਦੀਆਂ

**ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ (ਅਮਰੀਕਾ)**

* * *

## ਬਿਨਾ ਵੰਡੇ ਰੱਬ ਨੇ ਲੋਕਾਈ ਦਿੱਤੀ ਮਾਨਣੇ ਨੂੰ

ਬਿਨਾਂ ਵੰਡੇ ਰੱਬ ਨੇ ਲੋਕਾਈ ਦਿੱਤੀ ਮਾਨਣੇ ਨੂੰ
ਮਾਰ ਮਾਰ ਲੀਕਾ ਲੋਕੀ ਵੈਰ ਹੀ ਵਧਾਈ ਜਾਂਦੇ
ਘਰ ਉਹਦਾ ਸਾਰੀ ਕਾਇਨਾਤ ਹੈ ਕਿ ਜਿਨੂੰ ਲੋਕੀ
ਛੋਟੇ ਛੋਟੇ ਘਰਾਂ ਵਿਚ ਕੈਦੀ ਨੇ ਬਣਾਈ ਜਾਂਦੇ
ਰਹਿਬਰਾਂ ਦੇ ਮੌਕੇ ਤਾਂ ਖਾਮੋਸ਼ ਨਾਮ ਜਪਦੇ ਸੀ
ਹੁਣ ਨਾਮ ਜਪਣਾ ਕੀ ਸ਼ੋਰ ਹੀ ਸਤਾਈ ਜਾਂਦੇ
ਗੁਰੂਆਂ ਦੀ ਬਾਣੀ ਉੱਤੇ ਅਮਲ ਤਾਂ ਕਰਦੇ ਨੀ
ਗੁਰੂਆਂ ਦੇ ਨਾਮ ਤੇ ਇਮਾਰਤਾਂ ਬਣਾਈ ਜਾਂਦੇ
ਖੁਦੀ ਤੇ ਗੁਮਾਨ ਕਦੇ ਜਰਾ ਕਦੇ ਜਰਾ ਵੀ ਝੁਕਾਇਆ ਹੈ ਨੀ
ਭਾਵੇਂ ਲੋਕੀ ਥਾਂ ਥਾਂ ਜਾ ਕੇ ਸਿਰ ਨੇ ਝੁਕਾਈ ਜਾਂਦੇ
ਤਾਕਤ ਸੀ ਜਿਹਦੇ ਕੋਲ ਉਹਨੇ ਵੀ ਨਾ ਖੜਕਾਈ
ਉਹਦੇ ਨਾਮ ਉੱਤੇ ਲੋਕੀਂ ਇੱਟਾਂ ਖੜਕਾਈ ਜਾਂਦੇ
ਸਾਰ ਲੈਣ ਪੀੜਤਾਂ ਦੀ ਧਰਮਾਂ ਨੂੰ ਦੇਖ ਲੋਕੀ
ਧਰਮੀ ਕਹਾਉਣ ਵਾਲੇ ਵੰਡੀਆਂ ਵਧਾਈ ਜਾਂਦੇ
ਸਰਧਾ ਹੈ ਬੜੀ ਕਿ ਮਨਾਉਂਦੇ ਨੇ ਦਹਾੜੇ ਲੋਕੀ
ਥਾਂ ਥਾਂ ਉੱਤੇ ਬੜੇ ਬੜੇ ਲੰਗਰ ਲਗਾਈ ਜਾਂਦੇ
ਸੜਕਾਂ ਜੋ ਟੁੱਟੀਆਂ ਗਰੀਬ ਪਿੰਡ ਦੇਖੇ ਨਈਓਂ
ਪੈਰ ਪੈਰ ਰੋਕ ਭਾਵੇਂ ਰੱਜੇ ਨੂੰ ਰਜਾਈ ਜਾਂਦੇ
ਦਾਨ ਉੱਥੇ ਹੁੰਦਾ ਜਿੱਥੇ ਲੋੜ ਜਾਂ ਗਰੀਬੀ ਹੋਵੇ
ਸਭ ਨੂੰ ਜੋ ਦਿੰਦਾ ਲੋਕੀ ਉਹਨੂੰ ਦਾਨ ਪਾਈ ਜਾਂਦੇ
ਲਿਖੀਏ ਜੋ ਕਰੀਏ ਉਹ, ਕਰੀਏ ਜੋ ਲਿਖੀਏ ਉਹ
ਉਂਝ ਮੰਗੇ ਵਰਗੇ ਵੀ ਕਵਿਤਾ ਬਣਾਈ ਜਾਂਦੇ

**ਕਾਕਾ ਮੰਗ ਗੁਰਪ੍ਰਸਾਦ ਅਤੇ ਬੀਬੀ ਜਸਵਿੰਦਰ ਕੌਰ**

* * *

## ਗੀਤ



ਵੇਲ੍ਹਣੇ ਦੀ ਰੋਹ ਪੀਣੀ, ਜੇ ਤੱਤਾ ਤੱਤਾ ਗੁੜ ਖਾਣਾ
ਮਾਰੀਂ ਕਦੇ ਸਾਡੇ ਪਿੰਡ ਫੇਰਾ ਨੀ।
ਕੰਢੇ ਦਰਿਆ ਦੇ ਬਹਿ ਕੇ ਦੁੱਖ ਸੁੱਖ ਫੋਲਾਂਗੇ
ਤੇਰੇ ਤੋਂ ਬਗੈਰ ਹੋਰ ਦੁਖ ਸੁਣੂ ਕਿਹੜਾ ਨੀ।
ਗ਼ਮ ਦੇ ਸਮੁੰਦਰਾਂ 'ਚੋਂ ਪਾਣੀ ਦੀਆਂ ਬੂੰਦਾਂ ਚੁੱਕ,
ਹਿਜਰ ਦਾ ਵੱਟਣਾ ਮਲਾਵਾਂਗਾ।
ਕਾਹੀ ਦਿਆਂ ਦੁੰਬਿਆਂ ਦੇ ਫੁੱਲ ਮੈਂ ਬਣਾ ਕੇ,
ਵਾਲਾਂ ਤੇਰਿਆਂ 'ਚ ਲਟਕਾਵਾਂਗਾ।
ਦਿਨ ਰਾਤ ਪਿਆਰ ਦੀਆਂ ਬਾਤਾਂ ਫਿਰ ਪਾਵਾਂਗੇ,
ਜੇ ਜ਼ਿੰਦਗੀ 'ਚ ਮੁੱਕ ਜਾਏ ਹਨ੍ਹੇਰਾ ਨੀ।
ਵੇਲ੍ਹਣੇ ਦੀ ਰੋਹ ਪੀਣੀ, ਜੇ ਤੱਤਾ ਤੱਤਾ ਗੁੜ ਖਾਣਾ
ਮਾਰੀਂ ਕਦੇ ਸਾਡੇ ਪਿੰਡ ਫੇਰਾ ਨੀ।
ਮਲ੍ਹਿਆਂ ਦੇ ਮਿੱਠੇ ਮਿੱਠੇ ਬੇਰ ਫੇਰ ਲੱਭ ਕੇ,
ਪਿਆਰ ਨਾਲ ਤੈਨੂੰ ਮੈਂ ਖਵਾਵਾਂਗਾ।
ਪਿੱਪਲ ਦੇ ਰੁੱਖ ਨਾਲ ਪੀਂਘ ਤੈਨੂੰ ਪਾ ਦਿਆਂ,
ਪਿਆਰ ਦਾ ਹੁਲਾਰਾ ਦੇਣ ਆਵਾਂਗਾ।
ਦਿਲ ਦੀਆਂ ਯਾਦਾਂ 'ਚ ਪਰੋ ਕੇ ਤੈਨੂੰ ਰੱਖ ਲਵਾਂ
ਇਹੀ ਇਕ ਸੁਪਨਾ ਹੈ ਮੇਰਾ ਨੀ।
ਵੇਲ੍ਹਣੇ ਦੀ ਰੋਹ ਪੀਣੀ, ਜੇ ਤੱਤਾ ਤੱਤਾ ਗੁੜ ਖਾਣਾ
ਮਾਰੀਂ ਕਦੇ ਸਾਡੇ ਪਿੰਡ ਫੇਰਾ ਨੀ।
ਉੱਚੇ ਨੀਵੇਂ ਟਿੱਬਿਆਂ 'ਚੋਂ ਰੇਤਿਆਂ ਨੂੰ ਚੁੰਮ ਕੇ,
ਨਗਮਾ ਮੈਂ ਪਿਆਰ ਦਾ ਬਨਾਵਾਂਗਾ।
ਪਿੰਡ ਕੋਲੋਂ ਵਗਦਾ ਏ ਬਿਆਸ ਦਰਿਆ
ਨਾਲੇ ਤੈਨੂੰ ਪਿੰਡ ਦੀਆਂ ਧੁੱਸੀਆਂ ਵਿਖਾਵਾਂਗਾ।
ਰਤਨ ਵਰਿੰਦਰ ਟਾਹਲੀ ਕੁਝ ਵੀ ਨਹੀਂ ਮੰਗਦਾ
ਲਾ ਦੇ ਪਾਰ ਜ਼ਿੰਦਗੀ ਦਾ ਬੇੜਾ ਨੀ।
ਵੇਲ੍ਹਣੇ ਦੀ ਰੋਹ ਪੀਣੀ, ਜੇ ਤੱਤਾ ਤੱਤਾ ਗੁੜ ਖਾਣਾ
ਮਾਰੀਂ ਕਦੇ ਸਾਡੇ ਪਿੰਡ ਫੇਰਾ ਨੀ।

**ਰਤਨ ਟਾਹਲੀ**, ਮੋ. 81462-10637

# The Saga of the Chote Sahibzade

As the year approaches the end, on December 26 every year, the world Sikh community commemorates the martyrdom of three of their most loved figures of the Guru household. On this darkest of days, their youngest heroes Sahibzada Fateh Singh (1699-1705) who was the youngest of Guru Gobind Singh's four sons, Sahibzada Zorawar Singh





(1696-1705), his elder brother and Mata Gujar Kaur ji, his grandmother sacrificed their lives for their faith and the right to remain Sikhs.

Gurdwara Fatehgarh Sahib which is situated 5 km north of Sirhind marks the sad site of their execution at the behest of Wazir Khan of Kunjpura, the faujdar of Sirhind. The three shrines exist within this Gurdwara complex to mark the exact spot where these tragic events were witnessed in 1705.

Baba Fateh Singh with his elder brother, set a precedence in Sikh history (and perhaps also in world history) by becoming the youngest known martyrs to sacrifice their lives for their principles and the right to practice their religion and their faith without coercion or the threat of terror. Even at such a tender age of 6 years, Baba Fateh Singh showed courage, determination and free-will not to be intimidated by the cruel, barbaric and unjust authorities of the time. He showed composure, fearlessness and the renowned trait of unparalleled heroism becoming of the Sikh leadership and was prepared to sacrifice his life but not his faith.

The world salutes the supreme sacrifice of these fearless children who never once considered the easy option and always remained focused on their mission to uphold the principles of Sikhism and allowed their bodies to be tortured and violated and endured the intense pain of a slow, pain-ridden and certain

As soon as the two Sahibzadas attained martyrdom, Mata Gujri ji, who was sitting in meditation in the tower, breathed her last

The same evening Dewan Todar Mal, a jeweller reached Nawab Wazir Khan's court for permission to cremate the dead bodies of the two Sahibzadas and Mata Gurji. The Nawab agreed on condition that the Dewan pay for the required piece of land by spreading as many Gold coins as would cover the entire spot. The Dewan accepted the terms, marked the site and spread coins on entire piece of land he selected for cremation. The two martyred young sons of Sri Guru Gobind Singh Ji were cremated with full honors along with their grandmother.

There is no parallel to the martyrdom of such young boys in the annals of human history.



Sahibzada Fateh Singh was less than six years old (born 1699) and Sahibzada Zorawar Singh was just over eight (born in 1696). At such a tender age, they were bricked alive but did not bow before the tyranny and cruelty of the Mughal government. Sri Guru Gobind Singh Ji was at the time in the forests of Machhiwara when the news of the martyrdom of his younger sons reached him. On hearing this he pulled out a plant with the tip of his arrow and prophesized that this tragedy will herald the uprooting of Mughal Empire in India.

And to the Emperor he wrote in the Zafarnama:


"…Even though my four sons were killed, I remain like a coiled snake. What bravery is it to quench a few sparks of life?….. When God is a friend, what can an enemy do, even though he multiplies hundred times? If an enemy practices enmity and hatred a thousand times, he cannot, as long as God is a friend, injure even a hair on one's head."

Sri Guru Gobind Singh Ji addressed his followers and reassured them thus:

"Although, four of my sons have joined Waheguru, many thousands of my sons are still alive",

By saying this Guru accepted all Sikhs as his sons and daughters. A wave of anguish gripped the country as the news of the martyrdom of the Sahibzadas spread.

It was Banda Singh Bahadur who undertook the task of dealing with these cruel oppressors and shook the very heart of the Mughal Empire. The town of Sirhind was reduced to utter ruins as a consequence of the cruel, uncaring and heartless treatment of the Sahibzade.



**ਦੂਰ ਜੇ ਕਰ ਅਜੇ ਸਵੇਰਾ ਹੈ**
**ਇਸ 'ਚ ਕਾਫ਼ੀ ਕਸੂਰ ਮੇਰਾ ਹੈ**

**ਸੁਰਜੀਤ ਪਾਤਰ**

# Dangers of Drug Addiction

Harman Bains



In recent times, drug addiction in India has assumed menancing proportions and the evil is increasing by leaps and bounds. It is widespread in hotels and campuses. It is a common problem among the youth. Young people try drugs for experiment and get hooked on.

Drug addiction is an evil. The use of drug causes many diseases and in some cases it becomes cause of complete mental break down or even death. It also leads to anti-social behaviour. If a drug addict does not get drug, he will steal money, because he becomes used to take drugs. He fights with his family to get money. Such a person becomes a burden on his family. How can we expect anything from such people, for our country or humanity.

A number of causes are responsible for this evil. In many cases children don't get the required love, they feel lonely. They use drug to get rid from their loneliness. In some cases children and young people feel pressured under the heavy expectations of their parents. They feel neglected and frustrated. Their so called friends mislead them. They force them to use the drugs. And slowly they become used to take drugs.

But drug addicts need our sympathy, care and support. A strong will power can help them to get rid from this evil thing. He should get proper treatment. Besides this, public opinion must be created against it and mass communi-cation must come forward to cambat this evil. Our government should also make law against this evil. Only then we can save our youth from this hell.



# QUESTIONNAIRE OF SIKH RELIGION

**Q257. Where Asa Di Waar was composed by Guru Nanak?**

**Ans.** At Kartarpur.

**Q258. In which Raag Guru Nanak composed Bara Mah?**

**Ans.** In Tukhari Raag.

**Q259. How many years Guru Nanak spent at Kartarpur?**

**Ans.** Eighteen Years.

**Q260. Who had been supervising the preparation of Kheer cooked in milk and pure Ghee at the time of Guru angad Dev Ji?**

**Ans.** Mata Kheevi Ji.

**Q261. Who encouraged Bhai Bala, disciple of Guru Nanak to compile a Janam Sakhi?**

**Ans.** Guru Angad Dev Ji.

**Q262. Who apologized for his mischievious action to Guru Angad Dev Ji?**

**Ans.** Humayun.

**Q263. Where Guru Amar Das used to go on Pilgrimage?**

**Ans.** River Ganga.

**Q264. Who were Dasu Ji and Datu Ji?**

**Ans.** Sons of Guru Angad Dev Ji.

**Q265. How many Manjies were created by Guru Amar Das Ji?**

**Ans.** Twenty Two Manjies.

**Q266. How Bhai Jetha used to earn his livings?**

**Ans.** By selling boiled grams.

**Q267. Who established a place known as Guru Ka Chak?**

**Ans.** Guru Amar Das Ji.

**Q268. Who constructed Amrit Sarovar?**

**Ans.** Guru Arjun Dev Ji.

**Q269. When the foundation of Harimandir was laid?**

**Ans.** On October 1588.

**Q270. Where Bhai Manjh was reciting Gurbani with dry wood on his head?**

**Ans.** In a well.

**271. Who was unhappy on the birth of Guru Hargobind?**

**Ans.** Baba Prithi Chand.

**272. Who was Bibi Kaulan who attained Sikh Faith?**

**Ans.** Bibi Kaulan was the daughter of Rustam Khan the Quazi of Lahore.

**273. Who was Sheehan Masand?**

**Ans.** Sheehan Masand had fired on Guru Tegh Bahadur Ji and ran sacked Guru's house.

**274. Where Guru Tegh Bahadur stayed when Priest refused his entry in the Harmandir Sahib.**

**Ans.** At village Wallah.

**275. Who was looking after Mata Gujri at Patna when Guru Tegh Bahadur proceeded to Assam?**

**Ans.** Bhai Jaita Halwai.

**276. Who composed Raj Karega Khalsa Aakhee Rahe Na Koi?**

**Ans.** Bhai Nand Lal Ji Tankhah Nama.

**277. Who was using the shabad Bebe in Gurus family?**

**Ans.** Guru Nanak while addressing his elder sister Nanaki.

**278. What name Gorakh Matta attained after Nanak's preachings?**

**Ans.** Nanak Mata.

**279. Where Guru Nanak sang the following hymn and in which Raag?**

**Gagan Mein Thal Ravi Chand Deepak Bane Tarika Mandal Janak Moti.**

**Ans.** At Jagan Nah Temple at Puri in Raag Dhansari.

**280. Whic direction Guru Nanak started throwing water at Haridawar?**

**Ans.** Towads West.

(ਚੱਲਦਾ)

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-12-2014 ਤੋਂ 31-12-2014

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ. 390, ਸੈਕਟਰ-16, ਪੰਚਕੂਲਾ | 1000/- | ਐਚ-7002 | 06-12-2014 |
| 2. | ਡਾ. ਕਰਨੈਲ ਸਿੰਘ<br>(ਸ. ਭਗਵਾਨ ਸਿੰਘ, ਭੂਲਪੁਰ ਦੀ ਯਾਦ ਵਿਚ) | 1100/- | ਐਚ-6451 | 05-12-2014 |
| 3. | ਸ. ਮਨਜੀਤ ਸਿੰਘ ਐਸ.ਈ. (ਰਿਟਾ.)<br>ਮਕਾਨ ਨੰ.-63, ਰਵਿੰਦਰ ਨਗਰ, ਜਲੰਧਰ | 500/- | ਐਚ-7006 | 10-12-2014 |
| 4. | ਲੈਫ. ਕਰਨਲ ਕਸ਼ਮੀਰ ਸਿੰਘ ਮੁਲਤਾਨੀ (ਰਿਟਾ.)<br>ਮਕਾਨ ਨੰ.-726, ਸੈਕਟਰ-5, ਅਰਬਨ ਅਸਟੇਟ,<br>ਕੁਰਕਸੇਤਰਾ (ਹਰਿਆਣਾ) | 1100/- | ਐਚ-7008 | 13-12-2014 |
| 5. | ਸ. ਸੁਖਵਿੰਦਰ ਸਿੰਘ, ਸਪੁੱਤਰ<br>ਸ. ਤਰਲੋਕ ਸਿੰਘ ਕਲਾਥ ਹਾਊਸ, ਬੇਗੋਵਾਲ, ਜ਼ਿਲ੍ਹਾ-ਕਪੂਰਥਲਾ | 1500/- | ਐਚ-7009 | 14-12-2014 |
| 6. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7010 | 16-12-2014 |
| 7. | ਸ. ਧਰਮਵੀਰ ਸਿੰਘ, ਕੇਅਰ ਟੇਕਰ ਬਲੌਂਗੀ, ਮੋਹਾਲੀ | 200/- | ਐਚ-7011 | 16-12-2014 |
| 8. | ਸ. ਹਰਬੰਸ ਸਿੰਘ ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-7012 | 16-12-2014 |
| 9. | ਸ੍ਰੀ ਕੈਲਾਸ਼ ਸਿੰਘ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 100/- | ਐਚ-7013 | 16-12-2014 |
| 10. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 100/- | ਐਚ-7014 | 16-12-2014 |
| 11. | (ਰਿਟਾ.) ਲੈਕਚਰਾਰ ਗੁਲਸ਼ਨ ਕੁਮਾਰ ਸਿੰਘ<br>ਮਕਾਨ ਨੰ.-3405, ਸੈਕਟਰ-40-ਡੀ, ਚੰਡੀਗੜ੍ਹ | 200/- | ਐਚ-7015 | 16-12-2014 |
| 12. | ਸ. ਹਰਦਿਆਲ ਸਿੰਘ ਖੈਰਾ | 100/- | ਐਚ-7016 | 16-12-2014 |
| 13. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ. 117, ਸੈਕਟਰ-35 ਏ, ਚੰਡੀਗੜ੍ਹ | 500/- | ਐਚ-7017 | 16-12-2014 |
| 14. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-7018 | 16-12-2014 |

| | | | | |
|---|---|---|---|---|
| 15. | ਸ. ਗਿਆਨ ਸਿੰਘ ਮੁਲਤਾਨੀ<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-7019 | 16-12-2014 |
| 16. | ਸ. ਸੁਰਿੰਦਰ ਸਿੰਘ,<br>ਮਕਾਨ ਨੰ.-3040, ਸੈਕਟਰ-47, ਚੰਡੀਗੜ੍ਹ | 100/- | ਐਚ-7020 | 16-12-2014 |
| 17. | ਸ. ਜਗੀਰ ਸਿੰਘ ਲਾਲੀਆ ਵਿੱਤ ਸਕੱਤਰ<br>ਮਕਾਨ ਨੰ.-1838, ਫੇਸ-7, ਮੋਹਾਲੀ | 500/- | ਐਚ-7021 | 16-12-2014 |
| 18. | ਸ. ਹਰਦਿਆਲ ਸਿੰਘ<br>ਮਕਾਨ ਨੰ.-11, ਸੰਗਮ ਐਨਕਲੇਵ,<br>ਸੈਕਟਰ-48-ਏ, ਚੰਡੀਗੜ੍ਹ | 100/- | ਐਚ-7022 | 16-12-2014 |
| 19. | ਸ. ਹਰਭਜਨ ਸਿੰਘ<br>ਡੀ.ਆਈ.ਜੀ. (ਰਿਟਾ.), ਜ਼ੀਰਕਪੁਰ | 500/- | ਐਚ-7023 | 16-12-2014 |
| 20 | ਸ. ਰਾਜਿੰਦਰਪਾਲ ਸਿੰਘ<br>ਮਕਾਨ ਨੰ.-3454, ਸੈਕਟਰ-24, ਚੰਡੀਗੜ੍ਹ | 100/- | ਐਚ-7024 | 16-12-2014 |
| 21. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ)<br>ਮਕਾਨ ਨੰ.-541, ਫੇਸ-3-ਏ, ਮੋਹਾਲੀ | 100/- | ਐਚ-7025 | 16-12-2014 |
| 22. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47, ਚੰਡੀਗੜ੍ਹ | 100/- | ਐਚ-7026 | 16-12-2014 |
| 23. | ਸ਼੍ਰੀ ਰਾਜੇਸ਼<br>ਮਕਾਨ ਨੰ.-1609/1, ਸੈਕਟਰ-30-ਬੀ, ਚੰਡੀਗੜ੍ਹ | 501/- | ਐਚ-7027 | 16-12-2014 |
| 24. | ਸ. ਪ੍ਰੀਤਮ ਸਿੰਘ, ਭੋਪਾਲ | 100/- | ਐਚ-7028 | 16-12-2014 |
| 25. | ਕਰਨਲ ਮੱਖਣ ਸਿੰਘ<br>ਮਕਾਨ ਨੰ.-2094, ਫੇਸ-7, ਮੋਹਾਲੀ | 500/- | ਐਚ-7029 | 16-12-2014 |
| 26. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 1000/- | ਐਚ-7030 | 16-12-2014 |
| 27. | ਸਰਦਾਰਨੀ ਚਰਨਜੀਤ ਕੌਰ, ਸੁਪਤਨੀ<br>ਸਵਰਗਵਾਸੀ ਫਲਾਈਟ ਲੈਫ. ਗੁਰਬਚਨ ਸਿੰਘ<br>ਮਕਾਨ ਨੰ.-141, ਸੈਕਟਰ-11, ਪੰਚਕੂਲਾ | 500/- | ਐਚ-7031 | 16-12-2014 |
| 28. | ਸ. ਭਗਤ ਸਿੰਘ, ਆਈ.ਏ.ਐਸ. (ਰਿਟਾ.)<br>ਮਕਾਨ ਨੰ. 795, ਫੇਸ-3, ਬੀ-2, ਮੋਹਾਲੀ | 500/- | ਐਚ-7032 | 16-12-2014 |
| 29. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-7033 | 16-12-2014 |
| 30. | ਕਰਨਲ ਕਸ਼ਮੀਰ ਸਿੰਘ (ਬਲੂੜਵਾਲ)<br>ਮਕਾਨ ਨੰ.-3204, ਸੈਕਟਰ-71, ਮੋਹਾਲੀ<br>(ਆਪਣੀ ਸੁਪਤਨੀ ਦੀ ਅੰਤਿਮ ਅਰਦਾਸ ਦੇ ਮੌਕੇ 'ਤੇ) | 5100/- | ਐਚ- 6358 | 19-12-2014 |

# ਸ਼ੋਕ ਸਮਾਚਾਰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਰਾਜਿੰਦਰ ਕੌਰ ਸੁਪਤਨੀ ਕਰਨਲ ਕਸ਼ਮੀਰ ਸਿੰਘ (ਬਲੜ੍ਹਵਾਲ) ਹਾਲ ਵਾਸੀ ਸੈਕਟਰ-71, ਮੋਹਾਲੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਮਿਤੀ 1-12-2014 ਨੂੰ 62 ਸਾਲ ਦੀ ਉਮਰ ਵਿਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਬੀਬੀ ਜੀ ਮੇਜਰ ਨਰਿੰਦਰ ਸਿੰਘ ਜੱਲੋ ਦੇ ਤਾਇਆ ਜੀ ਸ. ਬਲਵੰਤ ਸਿੰਘ, ਨੰਗਲ ਲੁਬਾਣਾ ਦੀ ਲੜਕੀ ਸਨ। ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਉਨ੍ਹਾਂ ਦੇ ਗ੍ਰਹਿ ਵਿਖੇ ਮਿਤੀ 07-12-2014 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ, ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸੈਕਟਰ-71 ਮੋਹਾਲੀ ਵਿਖੇ ਕੀਤੀ ਗਈ।

ਬੀਬੀ ਜੀ ਦੇ ਪਰਿਵਾਰ ਉੱਤੇ ਪ੍ਰਮਾਤਮਾ ਦੀ ਬੜੀ ਕਿਰਪਾ ਰਹੀ ਹੈ। ਉਨ੍ਹਾਂ ਦਾ ਲੜਕਾ ਸ. ਸਰਤਾਜ ਸਿੰਘ ਫੌਜ ਵਿਚ ਲੈਫ. ਕਰਨਲ ਹੈ। ਉਨ੍ਹਾਂ ਦਾ ਵੱਡਾ ਦਾਮਾਦ ਕਰਨਲ ਹਰਜਿੰਦਰ ਸਿੰਘ ਡਿਪਟੀ ਬ੍ਰਿਗੇਡੀਅਰ ਕਮਾਂਡਰ ਦੀ ਡਿਊਟੀ ਨਿਭਾ ਰਿਹਾ ਹੈ ਅਤੇ ਛੋਟਾ ਦਾਮਾਦ ਹਵਾਈ ਫੌਜ ਵਿਚ ਵਿੰਗ ਕਮਾਂਡਰ ਦੀ ਡਿਊਟੀ ਨਿਭਾ ਰਿਹਾ ਹੈ। ਉਨ੍ਹਾਂ ਦੀ ਵੱਡੀ ਲੜਕੀ ਰਤਿੰਦਰ ਕੌਰ ਐਮ.ਐਸ.ਸੀ. ਅਤੇ ਛੋਟੀ ਲੜਕੀ ਭੁਪਿੰਦਰ ਕੌਰ ਹਵਾਈ ਫੌਜ ਵਿਚ ਸਕਾਡਰਨ ਲੀਡਰ ਰਹਿ ਚੁੱਕੀ ਹੈ। ਬੀਬੀ ਜੀ ਦੇ ਦੋ ਦੋਹਤਰੇ ਅਤੇ ਦੋ ਦੋਹਤਰੀਆਂ ਹਨ।

ਇਸ ਮੌਕੇ ਤੇ ਕਰਨਲ ਕਸ਼ਮੀਰ ਸਿੰਘ ਨੇ ਆਪਣੀ ਧਰਮ ਪਤਨੀ ਦੀ ਯਾਦ ਵਿਚ 11,000 ਰੁਪਏ ਗੁਰਦੁਆਰਾ ਸਾਹਿਬ ਸੈਕਟਰ -71 ਮੋਹਾਲੀ ਅਤੇ 5100 ਰੁਪਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਲਈ ਭੇਟ ਕੀਤੇ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ ਉਨ੍ਹਾਂ ਦੀ ਅਤੀ ਧੰਨਵਾਦੀ ਹੈ ਤੇ ਵਾਹਿਗੁਰੂ ਅੱਗੇ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਸਦੀਵੀ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

(ਗੁਰਚਰਨ ਸਿੰਘ)

ਪ੍ਰਧਾਨ

Regd No. 32212/78
Postal No.-- CHD/0111/2012-14





ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਦੇ ਵੱਖ-ਵੱਖ ਦ੍ਰਿਸ਼